25-MAR-PAGE-1.qxd 3/24/2023 9:50 PM Page 1

ਸ਼ਨੀਵਾਰ, 25 ਮਾਰਚ, 2023
12 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 293

ਨਵਾਂ ਜ਼ਮਾਨਾ

DAILY NAWAN ZAMANA • SATURDAY, 25 MARCH, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਸੁਪਰੀਮ ਕੋਰਟ ਨੇ ਆਪਣਾ ਫੈਸਲਾ ਬਦਲਿਆ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਆਪਣੇ ਦੋ ਜੱਜਾਂ ਦੀ ਬੈਂਚ ਦੇ ਸਾਲ 2011 ਦੇ ਫੈਸਲੇ ਨੂੰ ਕਾਨੂੰਨ ਮੁਤਾਬਕ ਮਾੜਾ ਕਰਾਰ ਦਿੱਤਾ, ਜਿਸ 'ਚ ਕਿਹਾ ਗਿਆ ਸੀ ਕਿ ਪਾਬੰਦੀਸ਼ੁਦਾ ਜਥੇਬੰਦੀ ਦੀ ਮੈਂਬਰਸ਼ਿਪ ਨਾਲ ਵਿਅਕਤੀ ਅਪਰਾਧੀ ਨਹੀਂ ਬਣ ਸਕਦਾ। ਉਸ ਨੇ ਸਪੱਸ਼ਟ ਕੀਤਾ ਕਿ ਪਾਬੰਦੀਸ਼ੁਦਾ ਜਥੇਬੰਦੀ ਦੀ ਮੈਂਬਰਸ਼ਿਪ ਰੱਖਣ ਵਾਲੇ ਵਿਅਕਤੀ ਨੂੰ ਅਪਰਾਧੀ ਮੰਨਿਆ ਜਾਵੇਗਾ ਅਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਆਸ਼ੂ ਨੂੰ ਮਿਲੀ ਜ਼ਮਾਨਤ

ਚੰਡੀਗੜ੍ਹ : ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਸ਼ੁੱਕਰਵਾਰ ਹਾਈਕੋਰਟ ਨੇ ਵੱਡੀ ਰਾਹਤ ਦਿੰਦਿਆਂ ਜ਼ਮਾਨਤ ਦੇ ਦਿੱਤੀ। ਦੱਸਣਾ ਬਣਦਾ ਹੈ ਕਿ ਵਿਜੀਲੈਂਸ ਨੇ ਮੰਡੀਆਂ 'ਚੋਂ ਅਨਾਜ ਦੀ ਢੋਆ-ਢੁਆਈ ਲਈ ਕਥਿਤ ਟਰਾਂਸਪੋਰਟ ਟੈਂਡਰ ਘੁਟਾਲੇ 'ਚ ਆਸ਼ੂ ਨੂੰ ਅਗਸਤ 2022 'ਚ ਗ੍ਰਿਫ਼ਤਾਰ ਕੀਤਾ ਸੀ।

ਪਰਿਣੀਤਾ ਵਾਲੇ ਪ੍ਰਦੀਪ ਸਰਕਾਰ ਦਾ ਦੇਹਾਂਤ

ਨਵੀਂ ਦਿੱਲੀ : ਫਿਲਮ 'ਪਰਿਣੀਤਾ' ਦੇ ਨਿਰਦੇਸ਼ਨ ਲਈ ਮਸ਼ਹੂਰ ਪ੍ਰਦੀਪ ਸਰਕਾਰ (67) ਦਾ ਵੀਰਵਾਰ ਦੇਰ ਰਾਤ ਹਸਪਤਾਲ 'ਚ ਦੇਹਾਂਤ ਹੋ ਗਿਆ। ਪਤਨੀ ਪੰਚਾਲੀ ਨੇ ਦੱਸਿਆ ਕਿ ਉਨ੍ਹਾ ਨੂੰ ਬੁਖਾਰ ਹੋਣ ਤੋਂ ਬਾਅਦ ਉਪਨਗਰ ਬਾਂਦਰਾ ਦੇ ਲਾਲਵਤੀ ਹਸਪਤਾਲ ਦੇ ਆਈ ਸੀ ਯੂ 'ਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾ ਨੂੰ 22 ਮਾਰਚ ਨੂੰ ਵਾਇਰਲ ਹੋ ਗਿਆ ਸੀ। ਸਰਕਾਰ ਨੇ ਲਾਗਾ ਚੁਨਰੀ ਮੇਂ ਦਾਗ (2007), ਲਫੰਗੇ ਪਰਿੰਦੇ (2010), ਮਰਦਾਨੀ (2014) ਅਤੇ ਹੈਲੀਕਾਪਟਰ ਈਲਾ (2018) ਸਮੇਤ ਕਈ ਫਿਲਮਾਂ ਦਾ ਨਿਰਦੇਸ਼ਨ ਕੀਤਾ।

ਬੰਗਾ ਨੂੰ ਕੋਰੋਨਾ

ਨਵੀਂ ਦਿੱਲੀ : ਵਿਸ਼ਵ ਬੈਂਕ ਦੇ ਪ੍ਰਧਾਨ ਦੇ ਅਹੁਦੇ ਲਈ ਅਮਰੀਕਾ ਦੇ ਨਾਮਜ਼ਦ ਉਮੀਦਵਾਰ ਅਜੈ ਬੰਗਾ ਦਿੱਲੀ 'ਚ ਕੋਰੋਨਾ ਪਾਜ਼ੇਟਿਵ ਹੋ ਗਏ ਹਨ। 63 ਸਾਲਾ ਬੰਗਾ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਆਪਣੇ ਦੌਰੇ ਦੇ ਆਖਰੀ ਪੜਾਅ 'ਤੇ ਦਿੱਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ-ਨਾਲ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਮੁਲਾਕਾਤ ਕਰਨ ਵਾਲੇ ਸਨ।

ਗੜੇਮਾਰੀ

ਚੰਡੀਗੜ੍ਹ : ਮਾਲਵਾ ਖੇਤਰ ਦੇ ਵੱਖ-ਵੱਖ ਇਲਾਕਿਆਂ 'ਚ ਸ਼ੁੱਕਰਵਾਰ ਜ਼ੋਰਦਾਰ ਮੀਂਹ ਤੇ ਗੜਿਆਂ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋਣ ਦਾ ਖਦਸ਼ਾ ਹੈ। ਮੌਸਮ ਮਹਿਕਮੇ ਦਾ ਕਹਿਣਾ ਹੈ ਕਿ 25 ਮਾਰਚ ਨੂੰ ਵੀ ਮੌਸਮ ਇਹੋ-ਜਿਹਾ ਰਹਿ ਸਕਦਾ ਹੈ। ਮਾਲਵਾ ਖੇਤਰ ਤੇ ਹਰਿਆਣਾ 'ਚ ਗੜਿਆਂ ਨੇ ਧਰਤੀ ਚਿੱਟੀ ਕਰ ਦਿੱਤੀ।

ਪਾਕਿਸਤਾਨੀ ਡਰੋਨ ਵੱਲੋਂ ਸੁੱਟੇ ਪੰਜ ਪਿਸਤੌਲ ਬਰਾਮਦ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬੀ ਐੱਸ ਐੱਫ ਨੇ ਕੌਮਾਂਤਰੀ ਸਰਹੱਦ ਨੇੜੇ ਗੁਰਦਾਸਪੁਰ ਸੈਕਟਰ ਦੇ ਮੇਤਲਾ ਇਲਾਕੇ 'ਚ ਪਾਕਿਸਤਾਨੀ ਡਰੋਨ ਵੱਲੋਂ ਸ਼ੁੱਕਰਵਾਰ ਤੜਕੇ ਕਰੀਬ ਢਾਈ ਵਜੇ ਸੁੱਟੇ ਪੰਜ ਆਸਟਰੀਆ ਦੇ ਬਣੇ ਗਲੋਕ ਪਿਸਤੌਲ ਅਤੇ 91 ਕਾਰਤੂਸ ਬਰਾਮਦ ਕੀਤੇ। ਜਵਾਨਾਂ ਨੇ ਡਰੋਨ 'ਤੇ ਗੋਲੀਬਾਰੀ ਕੀਤੀ ਅਤੇ ਬਾਅਦ 'ਚ ਖੇਤਰ ਦੀ ਤਲਾਸ਼ੀ ਦੌਰਾਨ ਖੇਤ ਵਿੱਚੋਂ ਪੈਕੇਟ ਬਰਾਮਦ ਕੀਤਾ ਗਿਆ। ਪੈਕੇਟ 'ਚ ਪੰਜ ਗਲੋਕ ਪਿਸਤੌਲ, 10 ਮੈਗਜ਼ੀਨ ਅਤੇ 91 ਕਾਰਤੂਸ ਸਨ। ਏਜੰਸੀਆਂ ਨੂੰ ਸ਼ੱਕ ਹੈ ਕਿ ਇਹ ਖੇਪ ਖਾਲਿਸਤਾਨੀ ਵੱਖਵਾਦੀ ਸਮੂਹਾਂ ਲਈ ਸੀ। ਗਲੋਕ ਸੈਮੀ-ਆਟੋਮੈਟਿਕ ਪਿਸਤੌਲ ਹੈ, ਜੋ ਨੈਸ਼ਨਲ ਸਕਿਓਰਿਟੀ ਗਾਰਡ (ਐੱਨ ਐੱਸ ਜੀ) ਅਤੇ ਹੋਰ ਕਮਾਂਡੋ ਟੀਮਾਂ ਅੱਤਵਾਦੀਆਂ ਵਿਰੁੱਧ ਵਰਤਦੇ ਹਨ। ਇਹ ਆਸਟਰੀਆ ਅਤੇ ਅਮਰੀਕਾ 'ਚ ਬਣਦੇ ਹਨ।

ਰਾਹੁਲ ਦੀ ਲੋਕ ਸਭਾ ਮੈਂਬਰੀ ਖਤਮ

ਨਵੀਂ ਦਿੱਲੀ : ਕੇਰਲਾ ਦੀ ਵਾਇਨਾਡ ਲੋਕ ਸਭਾ ਸੀਟ ਦੀ ਨੁਮਾਇੰਦਗੀ ਕਰਨ ਵਾਲੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਸੂਰਤ ਦੀ ਅਦਾਲਤ ਵੱਲੋਂ ਮਾਣਹਾਨੀ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਕੇ 2 ਸਾਲ ਦੀ ਸਜ਼ਾ ਸੁਣਾਏ ਜਾਣ ਦੇ ਇਕ ਦਿਨ ਬਾਅਦ ਸ਼ੁੱਕਰਵਾਰ ਲੋਕ ਸਭਾ ਦੇ ਅਯੋਗ ਕਰਾਰ ਦੇ ਦਿੱਤਾ ਗਿਆ। ਲੋਕ ਸਭਾ ਸਕੱਤਰੇਤ ਵੱਲੋਂ ਜਾਰੀ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਉਨ੍ਹਾ ਦੀ ਅਯੋਗਤਾ ਦਾ ਹੁਕਮ 23 ਮਾਰਚ ਤੋਂ ਲਾਗੂ ਹੋਵੇਗਾ। ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਰਾਹੁਲ ਗਾਂਧੀ ਨੂੰ ਸੰਵਿਧਾਨ ਦੀ ਧਾਰਾ 102(1) ਅਤੇ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 8 ਤਹਿਤ ਅਯੋਗ ਕਰਾਰ ਦਿੱਤਾ ਗਿਆ ਹੈ।

ਕਰਨਾਟਕ 'ਚ ਇਕ ਰੈਲੀ ਵਿਚ 'ਸਾਰੇ ਚੋਰਾਂ ਦਾ ਗੋਤ ਮੋਦੀ ਕਿਉਂ ਹੁੰਦਾ ਹੈ?' ਪੁੱਛਣ 'ਤੇ ਭਾਜਪਾ ਆਗੂ ਨੇ ਉਨ੍ਹਾ ਵਿਰੁੱਧ ਮੋਦੀ ਸਮਾਜ ਨੂੰ ਬਦਨਾਮ ਕਰਨ ਦਾ ਕੇਸ ਕੀਤਾ ਸੀ ਤੇ ਅਦਾਲਤ ਨੇ ਉਨ੍ਹਾ ਨੂੰ ਦੋਸ਼ੀ ਮੰਨਿਆ।

ਸੁਪਰੀਮ ਕੋਰਟ ਨੇ 11 ਜੁਲਾਈ 2013 ਨੂੰ ਆਪਣੇ ਫੈਸਲੇ 'ਚ ਕਿਹਾ ਸੀ ਕਿ ਸਾਂਸਦ ਜਾਂ ਵਿਧਾਇਕ ਹੇਠਲੀ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਦੀ ਤਰੀਕ ਤੋਂ ਹੀ ਸੰਸਦ ਜਾਂ ਵਿਧਾਨ ਸਭਾ ਦੀ ਮੈਂਬਰੀ ਲਈ ਅਯੋਗ ਹੋ ਜਾਵੇਗਾ। ਉਸਨੇ ਲਿੱਲੀ ਥਾਮਸ ਬਨਾਮ ਭਾਰਤ ਸਰਕਾਰ ਦੇ ਮਾਮਲੇ 'ਚ ਇਹ ਹੁਕਮ ਦਿੱਤਾ ਸੀ। ਇਸਤੋਂ ਪਹਿਲਾਂ ਅਦਾਲਤ ਦਾ ਆਖਰੀ ਫੈਸਲਾ ਆਉਣ ਤਕ ਮੈਂਬਰੀ ਖਤਮ ਨਾ ਕਰਨ ਦੀ ਵਿਵਸਥਾ ਸੀ।

ਕਾਨੂੰਨੀ ਮਾਹਰਾਂ ਮੁਤਾਬਕ ਹੁਣ ਰਾਹੁਲ ਦੀ ਵਾਇਨਾਡ ਸੀਟ ਨੂੰ ਖਾਲੀ ਐਲਾਨ ਦਿੱਤਾ ਜਾਵੇਗਾ। ਚੋਣ ਕਮਿਸ਼ਨ ਫਿਰ ਇਥੇ ਚੋਣ ਕਰਵਾਏਗਾ। ਦਿੱਲੀ 'ਚ ਰਾਹੁਲ ਨੂੰ ਸਰਕਾਰੀ ਬੰਗਲਾ ਖਾਲੀ ਕਰਨ ਲਈ ਕਿਹਾ ਜਾ ਸਕਦਾ ਹੈ। ਜੇ ਰਾਹੁਲ ਦੀ ਸਜ਼ਾ ਦਾ ਫੈਸਲਾ ਉਤਲੀਆਂ ਅਦਾਲਤਾਂ ਬਹਾਲ ਰੱਖਦੀਆਂ ਹਨ ਤਾਂ ਉਹ 8 ਸਾਲ ਚੋਣ ਨਹੀਂ ਲੜ ਸਕਣਗੇ। ਦੋ ਸਾਲ ਦੀ ਸਜ਼ਾ ਪੂਰੀ ਕਰਨ ਦੇ ਬਾਅਦ ਉਹ ਛੇ ਸਾਲ ਚੋਣ ਲੜਨ ਦੇ ਅਯੋਗ ਰਹਿਣਗੇ। ਰਾਹੁਲ ਗਾਂਧੀ ਕੋਲ ਸੂਰਤ ਦੀ ਅਦਾਲਤ ਦੇ ਫੈਸਲੇ ਵਿਰੁੱਧ ਅਪੀਲ ਲਈ 30 ਦਿਨ ਦਾ ਸਮਾਂ ਹੈ। ਜੇ ਹਾਈ ਕੋਰਟ ਅਪੀਲ ਮਨਜ਼ੂਰ ਨਹੀਂ ਕਰਦੀ ਤਾਂ ਸੁਪਰੀਮ ਕੋਰਟ ਜਾਣਾ ਪਏਗਾ। ਕਾਂਗਰਸ

ਭਾਰਤ ਦੀ ਅਵਾਜ਼ ਲਈ ਲੜ ਰਿਹਾ ਹਾਂ, ਕੋਈ ਵੀ ਕੀਮਤ ਤਾਰਨ ਲਈ ਤਿਆਰ ਹਾਂ

ਨੇ ਰਾਹੁਲ ਨੂੰ ਅਯੋਗ ਠਹਿਰਾਉਣ ਦੀ ਵੈਧਾਨਿਕਤਾ 'ਤੇ ਸਵਾਲ ਉਠਾਉਂਦਿਆਂ ਕਿਹਾ ਹੈ ਕਿ ਰਾਸ਼ਟਰਪਤੀ ਹੀ ਚੋਣ ਕਮਿਸ਼ਨ ਨਾਲ ਵਿਚਾਰ-ਵਟਾਂਦਰਾ ਕਰਕੇ ਕਿਸੇ ਸਾਂਸਦ ਨੂੰ ਅਯੋਗ ਐਲਾਨ ਸਕਦੇ ਹਨ।

ਅਯੋਗ ਠਹਿਰਾਉਣ ਦੀ ਖਬਰ ਆਉਣ ਤੋਂ ਪਹਿਲਾਂ ਰਾਹੁਲ ਗਾਂਧੀ ਸੰਸਦ ਪੁੱਜੇ ਅਤੇ ਲੋਕ ਸਭਾ ਦੀ ਕਾਰਵਾਈ 'ਚ ਸ਼ਾਮਲ ਹੋਏ। ਰਾਹੁਲ ਨੇ ਸੰਸਦ ਭਵਨ 'ਚ ਕਾਂਗਰਸ ਦੇ ਸੰਸਦ ਮੈਂਬਰਾਂ ਦੀ ਬੈਠਕ 'ਚ ਸ਼ਿਰਕਤ ਕੀਤੀ, ਜਿਸ 'ਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਵੀ ਮੌਜੂਦ ਸਨ। ਜਦੋਂ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੋਈ ਤਾਂ ਰਾਹੁਲ ਸਦਨ 'ਚ ਮੌਜੂਦ ਸਨ। ਪਾਰਟੀ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਸਪੀਕਰ ਨੂੰ ਅਪੀਲ ਕੀਤੀ ਕਿ ਉਹ ਰਾਹੁਲ ਗਾਂਧੀ ਨੂੰ ਸੱਤਾਧਾਰੀ ਪਾਰਟੀ ਵੱਲੋਂ ਲਾਏ ਜਾ ਰਹੇ ਦੋਸ਼ਾਂ ਦਾ ਜਵਾਬ ਦੇਣ ਦਾ ਮੌਕਾ ਦੇਣ। ਇਸ ਦੀ ਇਜਾਜ਼ਤ ਨਾ ਮਿਲਣ 'ਤੇ ਕਾਂਗਰਸੀ ਮੈਂਬਰਾਂ ਨੇ ਹੰਗਾਮਾ ਕੀਤਾ।

ਇਸ ਦੌਰਾਨ ਕਾਂਗਰਸ ਨੇ ਰਾਹੁਲ ਵਿਰੁੱਧ ਕਾਰਵਾਈ ਨੂੰ ਭਾਰਤ ਦੇ ਇਤਿਹਾਸ ਦਾ ਕਾਲਾ ਦਿਨ ਕਿਹਾ ਹੈ।

ਅਯੋਗ ਠਹਿਰਾਏ ਜਾਣ ਤੋਂ ਬਾਅਦ ਰਾਹੁਲ ਨੇ ਕਿਹਾ—ਭਾਰਤ ਦੀ ਆਵਾਜ਼ ਲਈ ਲੜ ਰਿਹਾ ਹਾਂ, ਕੋਈ ਵੀ ਕੀਮਤ ਤਾਰਨ ਲਈ ਤਿਆਰ ਹਾਂ।

ਸ਼ਿਵ ਸੈਨਾ (ਯੂ ਬੀ ਟੀ) ਦੇ ਪ੍ਰਧਾਨ ਊਧਵ ਠਾਕਰੇ ਨੇ ਕਿਹਾ—ਇਹ ਜਮਹੂਰੀਅਤ ਦਾ ਕਤਲ ਹੈ। ਚੋਰ ਨੂੰ ਚੋਰ ਕਹਿਣਾ ਇਸ ਦੇਸ਼ 'ਚ ਅਪਰਾਧ ਹੋ ਗਿਆ ਹੈ। ਇਹ ਡਿਕਟੇਟਰਸ਼ਿਪ ਦੇ ਅੰਤ ਦੀ ਸ਼ੁਰੂਆਤ ਹੈ। ਦੇਸ਼ ਨੂੰ ਲੁੱਟਣ ਵਾਲੇ ਖੁੱਲ੍ਹੇਆਮ ਘੁੰਮ ਰਹੇ ਹਨ ਤੇ ਰਾਹੁਲ ਗਾਂਧੀ ਨੂੰ ਸਜ਼ਾ ਦੇ ਦਿੱਤੀ ਗਈ ਹੈ।

ਮਮਤਾ ਬੈਨਰਜੀ ਨੇ ਕਿਹਾ—ਪੀ ਐੱਮ ਮੋਦੀ ਦੇ ਨਿਊ ਇੰਡੀਆ ਵਿਚ ਅਪੋਜ਼ੀਸ਼ਨ ਆਗੂ ਭਾਜਪਾ ਦਾ ਮੁੱਖ ਨਿਸ਼ਾਨਾ ਬਣ ਰਹੇ ਹਨ। ਅਪਰਾਧੀ ਪਿਛੋਕੜ ਵਾਲੇ ਭਾਜਪਾ ਆਗੂ ਕੈਬਿਨੇਟ ਵਿਚ ਸ਼ਾਮਲ ਕੀਤੇ ਜਾ ਰਹੇ ਹਨ। ਅਪੋਜ਼ੀਸ਼ਨ ਆਗੂ ਤਕਰੀਰਾਂ ਲਈ ਅਯੋਗ ਕਰਾਰ ਦਿੱਤੇ ਜਾ ਰਹੇ ਹਨ। ਅਜ ਅਸੀਂ ਸੰਵਿਧਾਨਕ ਜਮਹੂਰੀਅਤ ਦਾ ਨਵਾਂ ਰਸਾਤਲ ਦੇਖ ਰਹੇ ਹਾਂ।

ਡਿਊਟੀ 'ਤੇ ਜਾਂਦਿਆਂ ਹਾਦਸੇ 'ਚ 3 ਅਧਿਆਪਕਾਂ ਤੇ ਡਰਾਈਵਰ ਦੀ ਮੌਤ, 10 ਅਧਿਆਪਕ ਗੰਭੀਰ ਜ਼ਖਮੀ

ਜਲਾਲਾਬਾਦ/ਫਿਰੋਜ਼ਪੁਰ/ਫਾਜ਼ਿਲਕਾ/ਮਮਦੋਟ (ਸਤਨਾਮ ਸਿੰਘ, ਜੀਤ ਕੁਮਾਰ/ਅਸ਼ੋਕ ਸ਼ਰਮਾ/ਕ੍ਰਿਸ਼ਨ ਸਿੰਘ/ਜਸਬੀਰ ਸਿੰਘ ਕੰਬੋਜ)

ਜਲਾਲਾਬਾਦ ਤਹਿਸੀਲ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਹਰ ਰੋਜ਼ ਦੀ ਤਰ੍ਹਾਂ ਸ਼ੁੱਕਰਵਾਰ ਸਵੇਰੇ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਸਕੂਲਾਂ 'ਚ ਡਿਊਟੀ ਲਈ ਜਾ ਰਹੇ ਅਧਿਆਪਕਾਂ ਦੀ ਟ੍ਰੈਕਸ ਅਤੇ ਸਰਕਾਰੀ ਬੱਸ ਦੀ ਸਿੱਧੀ ਟੱਕਰ ਹੋਣ ਨਾਲ 3 ਅਧਿਆਪਕਾਂ ਅਤੇ 1 ਡਰਾਈਵਰ ਦੀ ਮੌਤ ਹੋ ਗਈ, ਜਦੋਂਕਿ 10 ਅਧਿਆਪਕ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ। ਇਹ ਹਾਦਸਾ ਐੱਫ-ਐੱਫ ਰੋਡ 'ਤੇ ਸਥਿਤ ਖਾਈ ਫੇਮੇ ਕੀ ਦੇ ਕੋਲ ਵਾਪਰਿਆ। ਇਸ ਹਾਦਸੇ ਬਾਰੇ ਜਿਵੇਂ ਹੀ ਆਸ-ਪਾਸ ਦੇ ਲੋਕਾਂ ਨੂੰ ਪਤਾ ਚੱਲਿਆ ਤਾਂ ਮੌਕੇ 'ਤੇ ਪੁੱਜ ਗਏ ਅਤੇ ਹਾਦਸਾਗ੍ਰਸਤ ਟ੍ਰੈਕਸ ਵਿਚੋਂ ਅਧਿਆਪਕਾਂ ਨੂੰ ਕੱਢਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਥਾਣਾ ਲੱਖੋਕੇ ਬਹਿਰਾਮ ਦੇ ਐੱਸ.ਐੱਚ.ਓ. ਬਚਨ ਸਿੰਘ ਵੀ ਮੌਕੇ 'ਤੇ ਪੁੱਜ ਗਏ। ਹਾਦਸਾ ਏਨਾ ਭਿਆਨਕ ਕਿ ਟ੍ਰੈਕਸ ਦੇ ਪਰਖੱਚੇ ਉਡ ਗਏ। ਜ਼ਖਮੀ ਅਧਿਆਪਕਾਂ ਨੂੰ ਫਿਰੋਜ਼ਪੁਰ ਦੇ ਹਸਪਤਾਲ ਵਿਚ ਇਲਾਜ ਲਈ ਦਾਖਲ ਕਰਵਾਇਆ ਗਿਆ।

ਹਾਦਸਾਗ੍ਰਸਤ ਟ੍ਰੈਕਸ ਅਤੇ ਮ੍ਰਿਤਕ ਅਧਿਆਪਕਾਂ ਤੇ ਡਰਾਈਵਰ ਦੀਆਂ ਫਾਈਲ ਫੋਟੋਆਂ।

ਹਾਦਸੇ ਵਿਚ ਸਰਕਾਰੀ ਸਕੂਲ ਕੋਟਲੀ ਵਸਾਵਾ ਸਿੰਘ ਦੇ ਅੰਗਰੇਜ਼ੀ ਵਿਸ਼ੇ ਦੇ ਅਧਿਆਪਕ ਪ੍ਰਿੰਸ ਜੋਸਨ ਪੁੱਤਰ ਪ੍ਰੇਮ ਚੰਦ ਵਾਸੀ ਪੀਰ ਮੁਹੰਮਦ (ਥਾਣਾ ਅਮੀਰਖਾਸ), ਸਰਕਾਰੀ ਹਾਈ ਸਕੂਲ ਸਕੱਤਰਾ ਤਰਨ ਤਾਰਨ ਦੀ ਗਣਿਤ ਅਧਿਆਪਕਾ ਕੰਚਨ ਪਤਨੀ ਵਰੁਣ ਚੁੱਘ ਵਾਸੀ ਅਗਰਵਾਲ ਕਾਲੋਨੀ ਜਲਾਲਾਬਾਦ, ਸਰਕਾਰੀ ਹਾਈ ਸਕੂਲ ਆਸਲ ਉਤਾੜ (ਤਰਨ ਤਾਰਨ) ਦੀ ਈ.ਟੀ.ਟੀ. ਅਧਿਆਪਕਾ ਮਨਿੰਦਰ ਕੌਰ ਪੁੱਤਰੀ ਇਕਬਾਲ ਸਿੰਘ ਵਾਸੀ ਕਾਮਰੇ ਵਾਲਾ ਜਲਾਲਾਬਾਦ ਅਤੇ ਟ੍ਰੈਕਸ ਦੇ ਡਰਾਇਵਰ ਅਸ਼ੋਕ ਕੁਮਾਰ ਪੁੱਤਰ ਹੁਸ਼ਿਆਰ ਸਿੰਘ ਵਾਸੀ ਦਰੋਗਾ ਥਾਣਾ ਅਮੀਰਖਾਸ ਜ਼ਿਲ੍ਹਾ ਫਾਜ਼ਿਲਕਾ ਦੀ ਮੌਤ ਹੋ ਗਈ, ਜਦੋਂਕਿ ਅਧਿਆਪਕ ਬਲਵਿੰਦਰ ਸਿੰਘ ਪੁੱਤਰ ਨਾਨਕ ਚੰਦ ਵਾਸੀ ਚੱਕ ਜਮਾਲਗੜ੍ਹ ਥਾਣਾ ਅਮੀਰਖਾਸ, ਅਧਿਆਪਕ ਸੁਨੀਲ ਕੁਮਾਰ ਵਾਸੀ ਸੂਰਾ ਵਾਲੀ ਢਾਣੀ ਥਾਣਾ ਵੈਰੋਕੇ, ਅਧਿਆਪਕਾ ਗੁਰਪ੍ਰੀਤ ਕੌਰ ਵਾਸੀ ਪਾਲੀ ਵਾਲਾ ਥਾਣਾ ਵੈਰੋਕੇ, ਅਧਿਆਪਕਾ ਮਨਪ੍ਰੀਤ ਕੌਰ ਪੁੱਤਰੀ ਸ਼ਾਮ ਸੁੰਦਰ ਵਾਸੀ ਮੰਡੀਵਾਲ, ਗੁਰੂ ਹਰਸਹਾਏ, ਅਧਿਆਪਕਾ ਜਸਬੀਰ ਕੌਰ ਪਤਨੀ ਅਨੰਤਦੀਪ ਸਿੰਘ ਵਾਸੀ ਢਾਬ ਖੁਸ਼ਹਾਲ ਜੋਈਆ ਥਾਣਾ ਵੈਰੋਕੇ, ਅਧਿਆਪਕਾ ਨਵਨੀਤ ਕੌਰ ਵਾਸੀ ਹੱਡੀ ਵਾਲਾ, ਅਧਿਆਪਕ ਸਰਬਜੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਅਹਿਮਦ ਢੰਡੀ ਗੁਰੂ ਹਰਸਹਾਏ, ਅਧਿਆਪਕ ਬਲਵਿੰਦਰ ਸਿੰਘ ਪੁੱਤਰ ਮੱਲ ਸਿੰਘ ਵਾਸੀ ਮੋਘਾ ਪੰਜੇ ਕੇ ਉਤਾੜ, ਹਰਵਿੰਦਰ ਕੌਰ ਵਾਸੀ ਫਾਜ਼ਿਲਕਾ, ਅਧਿਆਪਕਾ ਰਿੱਤੂ ਬਾਲਾ ਵਾਸੀ ਪਾਲੀ ਵਾਲਾ ਥਾਣਾ ਵੈਰੋਕੇ ਜ਼ਖਮੀ ਹੋ ਗਏ।

ਇੱਥੇ ਜ਼ਿਕਰਯੋਗ ਹੈ ਕਿ ਫਾਜ਼ਿਲਕਾ, ਜਲਾਲਾਬਾਦ ਅਤੇ ਗੁਰੂ ਹਰਸਹਾਏ ਇਲਾਕੇ ਤੋਂ ਵੱਡੀ ਗਿਣਤੀ ਵਿਚ ਅਧਿਆਪਕ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਸਕੂਲਾਂ 'ਚ ਡਿਊਟੀ ਲਈ ਤਾਇਨਾਤ ਹਨ ਅਤੇ ਹਰ ਰੋਜ਼ ਇਨ੍ਹਾਂ ਅਧਿਆਪਕਾਂ ਨੂੰ ਜਾਣਾ ਪੈਂਦਾ ਹੈ। ਤਕਰੀਬਨ ਸਾਲ ਕੁ ਪਹਿਲਾਂ ਵੀ ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਡਿਊਟੀ 'ਤੇ ਜਾ ਰਹੇ ਅਧਿਆਪਕਾਂ ਦੀ ਗੱਡੀ ਦਾ ਐਕਸੀਡੈਂਟ ਹੋਇਆ ਸੀ ਤੇ ਸੱਤ ਅਧਿਆਪਕਾਂ ਦੀ ਮੌਤ ਹੋ ਗਈ ਸੀ।

ਏਜੰਸੀਆਂ ਦੀ ਦੁਰਵਰਤੋਂ ਖਿਲਾਫ ਆਪੋਜ਼ੀਸ਼ਨ ਦਾ ਮਾਰਚ

ਨਵੀਂ ਦਿੱਲੀ : ਕਾਂਗਰਸ ਸਮੇਤ ਕਈ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸ਼ੁ

25-MAR-PAGE-1.qxd 3/24/2023 9:51 PM Page 2

ਬਾਰ ਐਸੋਸੀਏਸ਼ਨ ਸਮਾਣਾ 'ਚ ਮੈਡੀਕਲ ਚੈਕਅੱਪ ਕੈਂਪ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬਾਰ ਐਸੋਸੀਏਸਨ ਸਮਾਣਾ ਵਿਖੇ ਟੀਮ ਪ੍ਰਦੁੱਮਣ ਗਰਗ ਅਤੇ ਨਵਜੋਤ ਗਰਗ ਘੱਗਾ ਵਕੀਲ ਦੇ ਸਹਿਯੋਗ ਨਾਲ ਬਾਰ ਐਸੋਸੀਏਸ਼ਨ ਸਮਾਣਾ ਨੇ ਮੈਡੀਕਲ ਚੈਕਅੱਪ ਕੈਂਪ ਲਗਾਇਆ, ਜਿਸ ਵਿੱਚ ਅਮਰ ਹਸਪਤਾਲ ਦੇ ਮੈਡੀਕਲ ਸਪੈਸ਼ਲਿਸਟ ਡਾ. ਆਦੀਸ਼ ਗੋਇਲ ਦੀ ਅਗਵਾਈ ਵਾਲੀ ਟੀਮ ਨੇ ਚੈਕਅੱਪ ਕੀਤੇ। ਇਸ ਮੌਕੇ ਐਡੀਸ਼ਨਲ ਪ੍ਰਿੰਸੀਪਲ ਜੱਜ ਫੈਮਲੀ ਕੋਰਟ ਦੀਪਿਕਾ ਸਿੰਘ , ਸਿਮਰਨ ਸਿੰਘ ਜੂਨੀਅਰ ਡਵੀਜ਼ਨ ਸਮਾਣਾ, ਪਰਸਮੀਤ ਗਿਸ਼ੀ ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਅਤੇ ਆਸੀਆ ਜਿੰਦਲ ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ, ਐਡਵੋਕੇਟ ਪ੍ਰਦੁੱਮਣ ਗਰਗ ਚੰਡੀਗੜ੍ਹ, ਐਡਵੋਕੇਟ ਦੀਪਕ ਜਿੰਦਲ , ਐਡਵੋਕੇਟ ਅਵਤਾਰ ਸਿੰਘ, ਐਡਵੋਕੇਟ ਗੁਲਸ਼ਨ ਬਾਂਸਲ, ਪ੍ਰੇਮ ਗਰਗ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਬਾਰ ਕੌਂਸਲ ਸਮਾਣਾ ਦੇ ਪ੍ਰਧਾਨ ਹਰਸਿਮਰਨ ਪਾਲ ਸਿੰਘ ਤੱਤਲਾ ਨੇ ਦੱਸਿਆ ਕਿ ਟੀਮ ਐਡਵੋਕੇਟ ਪ੍ਰਦੁੱਮਣ ਗਰਗ ਚੰਡੀਗੜ੍ਹ ਦੀ ਟੀਮ ਦੇ ਸਹਿਯੋਗ ਨਾਲ ਬਾਰ ਐਸੋਸੀਏਸ਼ਨ ਸਮਾਣਾ ਵਿਖੇ ਮੈਡੀਕਲ ਚੈਕਅੱਪ ਕੈਂਪ ਲਈ ਉਹ ਐਡਵੋਕੇਟ ਪ੍ਰਦੁੱਮਣ ਗਰਗ ਚੰਡੀਗੜ੍ਹ ਦੀ ਟੀਮ ਦਾ ਅਤੇ ਜੱਜ ਸਹਿਬਾਨ ਦਾ ਕੈਂਪ ਵਿੱਚ ਪਹੁੰਚਣ 'ਤੇ ਧੰਨਵਾਦ ਕਰਦੇ ਹਨ। ਉਨ੍ਹਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਕੇ ਵਕੀਲਾਂ ਦੇ ਵੀ ਸਿਹਤ ਬੀਮਾ ਕਾਰਡ ਬਣਨੇ ਜ਼ਰੂਰੀ ਹਨ ਜਿਸ ਨਾਲ ਉਹ ਵੀ ਮੈਡੀਕਲ ਸਹੂਲਤਾਂ ਪ੍ਰਾਪਤ ਕਰ ਸਕਣ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਅਹੁਦੇਦਾਰ ਹਰਤੇਜ ਸਿੰਘ ਸੰਧੂ, ਗੁਰਜੋਤ ਸਿੰਘ ਵਿਰਕ, ਨਵਜੋਤ ਗਰਗ ਘੱਗਾ, ਪ੍ਰਿਥਪਾਲ ਸਿੰਘ ਰਵੇਲ, ਗੁਰਜੀਤ ਕੌਰ, ਸ਼ਿਵਚਰਨ ਵਰਤੀਆ , ਗਿਸ਼ੀ ਚੋਪੜਾ, ਸਾਬਕਾ ਪ੍ਰਧਾਨ ਨਵਦੀਪ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਗਲੌਲੀ, ਨਿਰਲੇਪ ਕੌਰ, ਹਰਪ੍ਰੀਤ ਸਿੰਘ ਅਤਾਲਾਂ, ਅਨੁਰੂਪ ਗਰਗ ਅਤੇ ਹੋਰ ਬਾਰ ਮੈਂਬਰ ਵਕੀਲ ਸਾਹਿਬਾਨ ਹਾਜ਼ਰ ਸਨ।

ਕੈਂਬਰਿਜ ਕਾਨਵੈਂਟ ਸਕੂਲ ਕੋਟ ਈਸੇ ਖਾਂ ਦਾ ਸਾਲਾਨਾ ਨਤੀਜਾ ਸ਼ਾਨਦਾਰ

ਕੋਟ ਈਸੇ ਖਾਂ (ਅਰੋੜਾ)-ਕੈਂਬਰਿਜ ਕਾਨਵੈਂਟ ਸਕੂਲ ਜੋ ਕਿ ਕੋਟ ਈਸੇ ਖਾਂ ਦੇ ਇਲਾਕੇ ਦੀ ਨਾਮਵਰ ਅਤੇ ਪ੍ਰਸਿੱਧ ਸੰਸਥਾ ਹੈ ਅਤੇ ਸੀ ਬੀ ਐਸ ਈ ਬੋਰਡ ਤੋਂ ਮਾਨਤਾ ਪ੍ਰਾਪਤ ਹੈ, ਵਿੱਚ 2022-23 ਸੈਸ਼ਨ ਦਾ ਸਾਲਾਨਾ ਨਤੀਜਾ ਕੱਢਿਆ ਗਿਆ। ਇਸ ਮੌਕੇ ਮਾਪਿਆਂ ਵਿਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਅਤੇ ਸਾਰੇ ਅਧਿਆਪਕ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਕੂਲ ਵੱਲੋਂ ਪੜ੍ਹਾਈ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਵੱਲੋਂ ਕਰਵਾਏ ਗਏ ਸਾਇੰਸ, ਜੀ ਕੇ ਅਤੇ ਗਣਿਤ ਮੁਕਾਬਲੇ ਵਿੱਚ ਪੁਜ਼ੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਵੀ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਅਧਿਆਪਕਾਂ ਵਿੱਚ ਵੀ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਮਾਪਿਆਂ ਦਾ ਵਿਸ਼ੇਸ਼ ਖਿੱਚ ਦਾ ਕੇਂਦਰ ਕੈਂਬਰਿਜ ਸਕੂਲ ਦੇ ਅਧਿਆਪਕਾਂ ਵੱਲੋਂ ਤਿਆਰ ਕੀਤਾ ਗਿਆ ਸੈੱਲਫੀ ਕਾਰਨਰ ਰਿਹਾ। ਇਸ ਮੌਕੇ ਸਕੂਲ ਵੱਲੋਂ ਮਾਪਿਆਂ ਅਤੇ ਬੱਚਿਆਂ ਦੇ ਖਾਣ-ਪੀਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਰਣਬੀਰ ਕਾਲਜ ਦੇ ਵਿਦਿਆਰਥੀਆਂ ਨੇ ਵਿਧਾਨ ਸਭਾ ਸੈਸ਼ਨ ਦੀ ਕਾਰਵਾਈ ਦੇਖੀ

ਸੰਗਰੂਰ (ਪ੍ਰਵੀਨ ਸਿੰਘ)-ਵਿਧਾਇਕ ਨਰਿੰਦਰ ਕੌਰ ਭਰਾਜ ਦੇ ਉੱਦਮ ਸਦਕਾ ਅੱਜ ਸਰਕਾਰੀ ਰਣਬੀਰ ਕਾਲਜ ਦੇ ਵਿਦਿਆਰਥੀਆਂ ਦੇ ਇੱਕ ਵਫਦ ਵੱਲੋਂ ਚੰਡੀਗੜ੍ਹ ਵਿਖੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸੈਸ਼ਨ ਦੀ ਕਾਰਵਾਈ ਨੂੰ ਨੇੜਿਓਂ ਦੇਖਿਆ ਗਿਆ। ਇਸ ਵਫਦ 'ਚ ਕਾਲਜ ਦੇ 40 ਵਿਦਿਆਰਥੀਆਂ ਦੇ ਨਾਲ ਨਾਲ 5 ਅਧਿਆਪਕ ਵੀ ਸ਼ਾਮਲ ਹੋਏ ਜਿਨ੍ਹਾਂ ਵੱਲੋਂ ਕਾਲਜ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਿਧਾਨ ਸਭਾ ਦਾ ਇੱਕ ਵਿੰਦਿਅਕ ਟੂਰ ਕੀਤਾ ਗਿਆ। ਇਸ ਸੰਬੰਧੀ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਸਰਕਾਰੀ ਰਣਬੀਰ ਕਾਲਜ ਵਿੱਚ ਪੋਲੀਟੀਕਲ ਸਾਇੰਸ ਵਿਸ਼ੇ ਵਿੱਚ ਗ੍ਰੈਜੂਏਸ਼ਨ (ਬੀ ਏ) ਅਤੇ ਪੋਸਟ ਗ੍ਰੈਜੂਏਸ਼ਨ (ਐਮ ਏ) ਕਰ ਰਹੇ ਇਨ੍ਹਾਂ ਵਿਦਿਆਰਥੀਆਂ ਨੂੰ ਵਿਧਾਨ ਸਭਾ ਦੀ ਕਾਰਜਪ੍ਰਣਾਲੀ ਬਾਰੇ ਜਾਣੂ ਕਰਵਾਉਣ ਦੇ ਉਦੇਸ਼ ਨਾਲ ਇਹ ਦੌਰਾ ਕਰਵਾਇਆ ਗਿਆ ਹੈ ਤਾਂ ਜੋ ਵਿਦਿਆਰਥੀਆਂ ਦਾ ਵਿਸ਼ੇ ਬਾਰੇ ਬੌਧਿਕ ਵਿਕਾਸ ਹੋ ਸਕੇ ਅਤੇ ਉਹ ਵਿਧਾਨ ਸਭਾ ਦੀ ਕਾਰਵਾਈ ਦੇ ਹਰ ਪਹਿਲੂ ਬਾਰੇ ਜਾਗਰੂਕ ਹੋ ਸਕਣ। ਕਾਲਜ ਦੀ ਤਰਫੋਂ ਪ੍ਰੋ. ਰਵਿੰਦਰਪਾਲ ਸਿੰਘ ਭੰਗੂ, ਡਾ. ਗੁਲਸ਼ਨਦੀਪ, ਪ੍ਰੋ. ਰਮਨਦੀਪ, ਡਾ. ਮਨਦੀਪ ਕੌਰ ਅਤੇ ਡਾ. ਇਕਬਾਲ ਸਿੰਘ ਨੇ ਵਿਦਿਆਰਥੀਆਂ ਦੇ ਵਫਦ ਦੀ ਅਗਵਾਈ ਕੀਤੀ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਕਾਲਜ ਦੀ ਤਰਫੋਂ ਧੰਨਵਾਦ ਕੀਤਾ।

ਇੱਕੋ ਰਾਤ ਦੋ ਦੁਕਾਨਾਂ 'ਚੋਂ ਲੱਖਾਂ ਦਾ ਸਮਾਨ ਚੋਰੀ

ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)-ਬੀਤੀ ਰਾਤ ਸਥਾਨਕ ਦਾਣਾ ਮੰਡੀ ਵਿਖੇ ਸਥਿਤ ਦੋ ਵੱਖ-ਵੱਖ ਦੁਕਾਨਾਂ ਵਿੱਚੋਂ ਅਣਪਛਾਤੇ ਵਿਅਕਤੀ ਲੱਖਾਂ ਰੁਪਏ ਦਾ ਕੀਮਤੀ ਸਮਾਨ ਚੋਰੀ ਕਰਕੇ ਲੈ ਗਏ। ਜਾਣਕਾਰੀ ਦਿੰਦਿਆਂ ਬੱਬੂ ਇਲੈਕਟ੍ਰੀਕਲ ਦੇ ਮਾਲਕ ਮਨਦੀਪ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਬੁੱਧਵਾਰ ਨੂੰ ਵੀ ਆਪਣੀ ਦੁਕਾਨ ਬੰਦ ਕਰਕੇ ਘਰ ਚਲਾ ਗਿਆ ਸੀ ਅਤੇ ਜਦੋਂ ਸਵੇਰੇ ਆ ਕੇ ਦੇਖਿਆ ਤਾਂ ਦੁਕਾਨ ਦੇ ਸ਼ਟਰ ਨੂੰ ਲੱਗੇ ਤਾਲੇ ਟੁੱਟੇ ਹੋਏ ਸਨ। ਜਦੋਂ ਅੰਦਰ ਪਏ ਸਮਾਨ ਦੀ ਜਾਂਚ ਕੀਤੀ ਤਾਂ ਵੱਡੀ ਗਿਣਤੀ ਵਿੱਚ ਗੱਡੀਆਂ ਵਾਲੀਆਂ ਵੱਡੀਆਂ ਬੈਟਰੀਆਂ-ਵੱਡੇ ਬੈਟਰੇ ਅਤੇ ਤਾਰਾਂ ਦੇ ਬੰਡਲਾਂ ਤੋਂ ਇਲਾਵਾ ਹੋਰ ਕੀਮਤੀ ਸਮਾਨ ਚੋਰੀ ਹੋ ਚੁੱਕਾ ਸੀ। ਉਸ ਨੇ ਦੱਸਿਆ ਕਿ ਚੋਰੀ ਹੋਏ ਸਮਾਨ ਦੀ ਕੀਮਤ ਲਗਭਗ 5 ਲੱਖ ਰੁਪਏ ਦੇ ਕਰੀਬ ਬਣਦੀ ਹੈ। ਇਸੇ ਤਰ੍ਹਾਂ ਨਾਲ ਲਗਦੀ ਬਿੰਦਰ ਆਟੋ ਇਲੈਕਟ੍ਰੀਸ਼ਨ ਦੁਕਾਨ ਦੇ ਮਾਲਕ ਬਲਵਿੰਦਰ ਸਿੰਘ ਨੇ ਦੱਸਿਆ ਕਿ ਚੋਰ ਉਸ ਦੀ ਦੁਕਾਨ ਦੇ ਵੀ ਤਾਲੇ ਤੋੜ ਕੇ 15 ਦੇ ਕਰੀਬ ਨਵੀਆਂ-ਪੁਰਾਣੀਆਂ ਬੈਟਰੀਆਂ, 2 ਸੈਲਵਾਂ ਅਤੇ 20-25 ਆਰਮੈਚਰ ਚੋਰੀ ਕਰਕੇ ਲੈ ਗਏ। ਉਸ ਨੇ ਦੱਸਿਆ ਕਿ ਚੋਰੀ ਹੋਏ ਸਮਾਨ ਦੀ ਕੀਮਤ ਇੱਕ ਲੱਖ ਰੁਪਏ ਦੇ ਕਰੀਬ ਬਣਦੀ ਹੈ। ਉਕਤ ਦੁਕਾਨਦਾਰਾਂ ਨੇ ਦੱਸਿਆ ਕਿ ਨਾਲ ਦੀਆਂ ਦੁਕਾਨਾਂ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖਣ ਤੋਂ ਪਤਾ ਲੱਗਾ ਹੈ ਕਿ ਰਾਤ ਇੱਕ ਵਜੇ ਦੇ ਕਰੀਬ ਅਣਪਛਾਤੇ ਵਿਅਕਤੀ ਮਹਿੰਦਰਾ ਬਲੈਰੋ ਗੱਡੀ ਵਿੱਚ ਸਵਾਰ ਹੋਕੇ ਆਏ ਸਨ, ਜਿਨ੍ਹਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਮੰਡੀ ਵਿੱਚ ਰਾਤ ਸਮੇਂ ਚੱਲ ਰਹੀਆਂ ਸਟਰੀਟ ਲਾਈਟਾਂ ਦੀ ਤਾਰ ਕੱਟਣ ਉਪਰੰਤ ਦੁਕਾਨ ਅੱਗੇ ਚੱਲਦੇ ਬੱਲਬ ਵੀ ਤਾਰਾਂ ਕੱਟ ਕੇ ਬੁਝਾ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਚੋਰੀ ਦੀਆਂ ਘਟਨਾਵਾਂ ਦੀ ਜਾਣਕਾਰੀ ਦਾਖਾ ਪੁਲਸ ਨੂੰ ਦੇ ਦਿੱਤੀ ਗਈ ਹੈ।

'ਵਿਸ਼ਵ ਤਪਦਿਕ ਦਿਵਸ' ਮੌਕੇ ਪੀ ਐੱਚ ਸੀ ਭਿੱਖੀਵਿੰਡ ਵਿਖੇ ਜਾਗਰੂਕਤਾ ਕੈਂਪ ਲਗਾਇਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ, ਰਣਬੀਰ ਸਿੰਘ ਗੋਲਣ)-ਸਿਵਲ ਸਰਜਨ ਤਰਨ ਤਾਰਨ ਡਾ. ਦਿਲਬਾਗ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਐੱਸਐੱਮਓ ਸੀਐੱਚਸੀ ਸੁਰਸਿੰਘ ਡਾਕਟਰ ਕੁਲਤਾਰ ਸਿੰਘ ਦੀ ਯੋਗ ਅਗਵਾਈ ਹੇਠ 'ਵਿਸ਼ਵ ਤਪਦਿਕ ਦਿਵਸ' ਮੌਕੇ ਪੀਐਚਸੀ ਭਿੱਖੀਵਿੰਡ ਵਿਖੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਹੈਲਥ ਸੁਪਰਵਾਈਜ਼ਰ ਸਲਵਿੰਦਰ ਸਿੰਘ ਨੇ ਹਸਪਤਾਲ 'ਚ ਆਏ ਮਰੀਜ਼ਾਂ ਨੂੰ ਟੀਬੀ ਦੀ ਬਿਮਾਰੀ ਸਬੰਧੀ ਲੱਛਣ ਜਿਵੇਂ ਦੋ ਹਫਤੇ ਤੋਂ ਜ਼ਿਆਦਾ ਖਾਂਸੀ ਆਉਣਾ, ਸ਼ਾਮ ਵੇਲੇ ਬੁਖਾਰ ਹੋਣਾ ਅਤੇ ਭੁੱਖ ਦਾ ਘੱਟ ਹੋ ਜਾਣਾ ਆਦਿ ਬਾਰੇ ਜਾਣਕਾਰੀ ਦਿੱਤੀ। ਇਸਦੇ ਨਾਲ ਹੀ ਉਨ੍ਹਾਂ ਮਰੀਜ਼ਾਂ ਨੂੰ ਦੱਸਿਆ ਕਿ ਸਰਕਾਰੀ ਹਸਪਤਾਲਾਂ 'ਚ ਟੀਬੀ ਦੀ ਜਾਂਚ ਅਤੇ ਇਲਾਜ ਫ੍ਰੀ ਕੀਤਾ ਜਾਂਦਾ ਹੈ। ਇਸ ਮੌਕੇ ਫਾਰਮਾਸਿਸਟ ਸੁਖਵੰਤ ਸਿੰਘ, ਫਾਰਮਾਸਿਸਟ ਵਿਮਲਜੀਤ ਕੌਰ, ਸੀਐੱਚਓ ਮਨਪ੍ਰੀਤ ਕੌਰ, ਐੱਲਐੱਚਵੀ ਨਰਿੰਦਰਜੀਤ ਕੌਰ, ਮਲਟੀਪਰਪਜ਼ ਹੈਲਥ ਵਰਕਰ ਬਲਜਿੰਦਰ ਸਿੰਘ, ਮਲਟੀਪਰਪਜ਼ ਹੈਲਥ ਵਰਕਰ ਬਖਤਾਵਰ ਸਿੰਘ, ਏਐੱਨਐੱਮ ਰਿਚੂਦੀਪ ਕੌਰ, ਏਐੱਨਐੱਮ ਪਵਨਦੀਪ ਕੌਰ, ਸਟਾਫ ਨਰਸ ਸੁਖਵਿੰਦਰ ਕੌਰ ਸਮੇਤ ਸਮੁੱਚਾ ਦਰਜਾ ਚਾਰ ਸਟਾਫ ਹਾਜ਼ਰ ਸੀ।

ਪੈਨਲ ਮੀਟਿੰਗ 'ਚ ਮੰਗਾਂ ਦਾ ਹੱਲ ਨਾ ਹੋਣ ਕਾਰਨ ਜਥੇਬੰਦੀ 'ਚ ਰੋਸ

29 ਮਾਰਚ ਨੂੰ ਮੰਤਰੀ ਹਰਪਾਲ ਚੀਮਾ ਦੇ ਘਰ ਅੱਗੇ ਪਰਵਾਰਾਂ ਬੱਚਿਆਂ ਸਮੇਤ ਧਰਨਾ ਦੇਵਾਂਗੇ : ਆਗੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ , ਪੂਜਾ)- ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਦੇ ਮੈਂਬਰ ਕਮ ਕੈਬਨਿਟ ਮੰਤਰੀਆਂ ਨਾਲ 13 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਬਣੀ ਸਹਿਮਤੀ ਮੁਤਾਬਕ ਮੰਗਾਂ ਦਾ ਹੱਲ ਨਾ ਹੋਣ ਕਰਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ. 31 ਵੱਲੋਂ 29 ਮਾਰਚ ਨੂੰ ਵਿੱਤ ਮੰਤਰੀ ਹਰਪਾਲ ਚੀਮਾ ਦੇ ਸ਼ਹਿਰ ਸੰਗਰੂਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਮੰਤਰੀ ਦੀ ਰਿਹਾਇਸ਼ ਅੱਗੇ ਪਰਵਾਰਾਂ ਅਤੇ ਬੱਚਿਆਂ ਸਮੇਤ ਧਰਨਾ ਦਿੱਤਾ ਜਾਵੇਗਾ। ਇਸ ਸੰਬੰਧ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ. 31 ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ ਅਤੇ ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ ਦੀ ਅਗਵਾਈ ਹੇਠ ਮੇਨ ਵਾਟਰ ਵਰਕਸ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤੀ ਗਈ। ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮਜੀਤ ਸਿੰਘ ਕਪੂਰ, ਸੌਰਵ ਮਿਗਲਾਨੀ ਅਤੇ ਗਗਨਦੀਪ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿੱਚ ਪਿਛਲੇ 10-15 ਸਾਲਾਂ ਤੋਂ ਆਊਟਸੋਰਸਿੰਗ ਅਤੇ ਇਨਲਿਸਟਮੈਂਟ 'ਤੇ ਕੰਮ ਕਰ ਰਹੇ ਹਨ।

ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਝੂਠੇ ਲਾਰੇ ਲਗਾਏ ਜਾਦੇ ਰਹੇ ਪਰ ਬਾਅਦ ਵਿੱਚ ਇਨ੍ਹਾਂ ਦੀ ਸਾਰ ਨਹੀਂ ਲਈ ਜਾਂਦੀ। 13 ਫਰਵਰੀ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ. 31 ਦੀ ਮੀਟਿੰਗ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਕਮ ਕੈਬਨਿਟ ਮੰਤਰੀਆਂ ਨਾਲ ਇੱਕ ਪੈਨਲ ਮੀਟਿੰਗ ਹੋਈ ਸੀ ਜਿਸ ਵਿੱਚ ਬਣੀ ਸਹਿਮਤੀ ਮੁਤਾਬਕ ਆਊਟਸੋਰਸਿੰਗ ਅਤੇ ਇਨਲਿਸਟਮੈਂਟ 'ਤੇ ਕੰਮ ਕਰਦੇ ਵਰਕਰਾਂ ਨੂੰ ਵਿਭਾਗ ਵਿੱਚ ਸ਼ਾਮਲ ਕਰਨ ਲਈ ਪਰਪੋਜ਼ਲ ਤਿਆਰ ਕਰਨ ਲਈ ਜਲ ਸਪਲਾਈ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਸਨ ਪਰ ਅਜੇ ਤੱਕ ਨਾ ਕੋਈ ਪਰਪੋਜ਼ਲ ਤਿਆਰ ਕੀਤੀ ਗਈ ਹੈ ਨਾ ਹੀ ਮੀਟਿੰਗ ਵਿੱਚ ਬਣੀ ਸਹਿਮਤੀ ਦੀ ਪ੍ਰੋਸੀਡਿੰਗ ਜਾਰੀ ਕੀਤੀ ਗਈ।

ਜਥੇਬੰਦੀ ਵੱਲੋਂ ਕੈਬਨਿਟ ਮੰਤਰੀਆਂ ਨੂੰ ਯਾਦ ਪੱਤਰ ਵੀ ਭੇਜੇ ਗਏ ਹਨ ਪਰ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਜਿਸ ਦੇ ਵਿਰੋਧ 'ਚ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ. 31 ਵੱਲੋਂ ਵਿੱਤ ਮੰਤਰੀ ਹਰਪਾਲ ਚੀਮਾ ਦੇ ਘਰ ਅੱਗੇ ਪਰਵਾਰਾਂ ਬੱਚਿਆਂ ਸਮੇਤ ਧਰਨਾ ਦੇਵਾਂਗੇ। ਇਸ ਮੌਕੇ ਜਸਬੀਰ ਕੌਰ, ਬਲਵਿੰਦਰ ਕੌਰ, ਹਰਪ੍ਰੀਤ ਕੌਰ, ਗੁਰਦੀਪ ਕੌਰ, ਸੁਖਵਿੰਦਰ ਕੌਰ, ਕਰਮਜੀਤ ਕੌਰ, ਗੁਰਤੇਜ ਸਿੰਘ, ਨਰਿੰਦਰ ਸਿੰਘ, ਪਰਮਿੰਦਰ ਸਿੰਘ, ਹਰਜੀਤ ਸਿੰਘ, ਜਸਵਿੰਦਰ ਸਿੰਘ ਅਤੇ ਸੁਖਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਸਾਥੀ ਹਾਜ਼ਰ ਹੋਏ।

ਡੀ ਈ ਓ ਨੇ ਮਾਨਸਾ 'ਚ ਖੁਦ ਸੰਭਾਲੀ ਮੈਗਾ ਦਾਖਲਾ ਮੁਹਿੰਮ ਦੀ ਕਮਾਂਡ

ਸਰਕਾਰੀ ਸਕੂਲਾਂ ਦੀ ਘਰ ਘਰ ਚਰਚਾ, ਨਾ ਕੋਈ ਫੀਸ, ਨਾ ਕੋਈ ਹੋਰ ਖਰਚਾ

ਮਾਨਸਾ (ਆਤਮਾ ਸਿੰਘ ਪਮਾਰ)

ਸਿੱਖਿਆ ਵਿਭਾਗ ਦੀ ਮੈਗਾ ਦਾਖਲਾ ਮੁਹਿੰਮ ਨੂੰ ਮਾਨਸਾ ਜ਼ਿਲ੍ਹੇ ਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਭੁਪਿੰਦਰ ਕੌਰ ਵੱਲੋਂ ਹਰ ਬਲਾਕ ਚ ਅਧਿਆਪਕਾਂ ਨਾਲ ਕੀਤੀਆਂ ਜਾ ਰਹੀਆਂ ਮੀਟਿੰਗਾਂ ਅਤੇ ਮਾਪਿਆਂ ਨਾਲ ਨਵੇਂ ਦਾਖਲਿਆਂ ਸੰਬੰਧੀ ਕੀਤੀਆਂ ਜਾ ਰਹੀਆਂ ਮਿਲਣੀਆਂ ਨੂੰ ਵੱਡਾ ਹੁੰਗਾਰਾ ਮਿਲਿਆ ਹੈ। ਡੀ ਈ ਓ ਭੁਪਿੰਦਰ ਕੌਰ ਵੱਲੋਂ ਖੁਦ ਨਿੱਤ ਦਿਨ

25-March-page-3.qxd 3/24/2023 9:59 PM Page 1

ਗੜੇਮਾਰੀ 'ਚ ਨੁਕਸਾਨੀਆਂ ਫਸਲਾਂ ਸਬੰਧੀ ਕਿਸਾਨ ਮਜ਼ਦੂਰ ਜਥੇਬੰਦੀ ਨੇ ਸੌਂਪੇ ਮੰਗ ਪੱਤਰ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)—ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਵੱਲੋਂ ਮੀਡੀਆ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਖੇਤੀ ਨੀਤੀ ਸਬੰਧੀ ਮੰਗੇ ਸੁਝਾਵਾਂ ਦੀ ਲਿਸਟ, ਜੋ ਕਿ ਲੰਬੇ ਸਮੇਂ ਤੋਂ ਜਥੇਬੰਦੀ ਦੇ ਏਜੰਡੇ ਤੇ ਹਨ ਅਤੇ ਗੜੇਮਾਰੀ ਤੇ ਬੇਮੌਸਮੀ ਬਰਸਾਤ ਕਾਰਨ ਹੋਏ ਫ਼ਸਲਾਂ ਦੇ ਖ਼ਰਾਬੇ ਲਈ 15 ਜ਼ਿਲ੍ਹਿਆਂ, ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਮੋਗਾ, ਫਾਜ਼ਿਲਕਾ, ਮੁਕਤਸਰ, ਫਰੀਦਕੋਟ, ਬਰਨਾਲਾ, ਰੋਪੜ, ਮਾਨਸਾ ਅਤੇ ਲੁਧਿਆਣਾ ਦੇ ਡੀਸੀ ਦਫਤਰ ਵਿਖੇ ਮੰਗ ਪੱਤਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹਾਲਾਂਕਿ ਗੜੇਮਾਰੀ ਕਾਰਨ ਮਰੀ, ਬੱਚਿਆਂ ਵਾਂਙ ਪਾਲ਼ੀ ਫਸਲ ਦਾ ਬੁਰਾ ਅਸਰ ਕਿਸਾਨ ਨੂੰ ਜ਼ਿਹਨੀ ਤੌਰ ਤੇ ਵੀ ਪ੍ਰਭਾਵਿਤ ਕਰਦਾ ਹੈ, ਪਰ ਸਰਕਾਰ ਨੂੰ ਚਾਹੀਦਾ ਹੈ ਕਿ ਘੱਟੋ ਘੱਟ ਉਸਦੇ ਆਰਥਿਕ ਨੁਕਸਾਨ ਦੀ ਭਰਪਾਈ ਕਰੇ ਅਤੇ ਪੰਜਾਹ ਹਜ਼ਾਰ ਰੁਪਏ ਮੁਆਵਜ਼ਾ ਏਕੜ ਨੂੰ ਇਕਾਈ ਮੰਨ ਕੇ ਦਿੱਤਾ ਜਾਵੇ। ਇਹ ਮੁਆਵਜ਼ਾ ਸਾਰੀਆਂ ਫਸਲਾਂ ਦੇ ਸਬੰਧ ਵਿਚ ਦਿੱਤਾ ਜਾਣਾ ਚਾਹੀਦਾ ਹੈ ਅਤੇ ਅਗਲੀ ਮੰਗ ਅਨੁਸਾਰ ਫਸਲੀ ਬੀਮਾ ਸਰਕਾਰੀ ਤੌਰ ਤੇ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਿਸਟਮ ਵਿਚ ਪਹਿਲਾਂ ਤੋਂ ਮੌਜੂਦ ਕਿਸਾਨ ਅਤੇ ਖੇਤ ਮਜ਼ਦੂਰ ਸਬੰਧੀ ਸਹੂਲਤਾਂ ਨੂੰ ਨਾਲ ਪੂਰਨ ਰੂਪ ਬਿਨਾ ਕਿਸੇ ਭੇਦਭਾਵ ਤੋਂ ਲਾਗੂ ਕੀਤਾ ਜਾਵੇ। ਇਸ ਮੌਕੇ ਸੂਬਾਈ ਆਗੂ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ, ਗੁਰਬਚਨ ਸਿੰਘ ਚੱਬਾ, ਜਸਬੀਰ ਸਿੰਘ ਪਿੱਦੀ, ਹਰਪ੍ਰੀਤ ਸਿੰਘ ਸਿੱਧਵਾਂ, ਗੁਰਲਾਲ ਸਿੰਘ ਪੰਡੋਰੀ, ਲਖਵਿੰਦਰ ਸਿੰਘ ਵਰਿਆਮ ਨੰਗਲ, ਰਣਜੀਤ ਸਿੰਘ ਕਲੇਰ ਬਾਲਾ, ਸਤਨਾਮ ਸਿੰਘ ਮਾਣੋਚਾਹਲ, ਜਰਮਨਜੀਤ ਸਿੰਘ ਬੰਡਾਲਾ, ਹਰਜਿੰਦਰ ਸਿੰਘ ਸ਼ਕਰੀ, ਹਰਵਿੰਦਰ ਸਿੰਘ ਮਸਾਣੀਆਂ, ਸਲਵਿੰਦਰ ਸਿੰਘ ਜਾਣੀਆਂ, ਜਗਦੀਸ਼ ਸਿੰਘ ਮਨਸਾ, ਪਰਮਜੀਤ ਸਿੰਘ ਭੁੱਲਾ ਅਤੇ ਕੰਵਰਦਲੀਪ ਸੈਦੋਲੇਹਲ ਹਾਜ਼ਰ ਸਨ।

ਸ਼ੈਰੀ ਕਲਸੀ ਨੇ ਵੇਰਕਾ ਮਿਲਕ ਬਾਰ ਦਾ ਕੀਤਾ ਉਦਘਾਟਨ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿੱਖੇ ਹੈਪੀ ਮਸੀਹ ਮੋਮਨ ਸੀਨੀਅਰ ਆਪ ਆਗੂ ਪਿੰਡ ਥੇ ਗੁਲਾਮ ਨਬੀ ਵੱਲੋਂ ਖੋਲ੍ਹੇ ਗਏ ਵੇਰਕਾ ਮਿਲਕ ਬਾਰ ਦਾ ਉਦਘਾਟਨ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਵਿਜੈ ਗਿੱਲ ਜੁਆਇੰਟ ਸਕੱਤਰ ਪੰਜਾਬ ਆਮ ਆਦਮੀ ਪਾਸੋਂ ਕਰਵਾਇਆ ਗਿਆ। ਮਿਲਕ ਬਾਰ ਦਾ ਉਦਘਾਟਨ ਕਰਦੇ ਸਮੇਂ ਸ਼ੈਰੀ ਕਲਸੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਘਰੇਲੂ ਉਤਪਾਦਨ ਵਾਲੀਆਂ ਚੀਜ਼ਾਂ ਵਰਤਣੀਆ ਚਾਹੀਦੀਆਂ ਹਨ ਜਿਵੇਂ ਕਿ ਵੇਰਕਾ ਮਿਲਕ ਪਲਾਂਟ ਦੇ ਸਾਰੇ ਉਤਪਾਦਨ ਦਾ ਫਾਇਦਾ ਕਿਸਾਨਾਂ ਨੂੰ ਹੁੰਦਾ ਹੈ। ਉਨਾਂ ਕਿਹਾ ਕਿ ਸਾਨੂੰ ਸਭ ਨੂੰ ਵਿਦੇਸ਼ੀ ਸਾਮਾਨ ਤੋਂ ਉਪਰ ਉੱਠਣਾ ਚਾਹੀਦਾ ਹੈ। ਇਸ ਮੌਕੇ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਿਧਾਇਕ ਬਟਾਲਾ, ਵਿਜੈ ਗਿੱਲ ਜੁਆਇੰਟ ਸਕੱਤਰ ਪੰਜਾਬ, ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਆਮ ਆਦਮੀ ਪਾਰਟੀ, ਅਜੈ ਮਸੀਹ ਜੈਕਸ, ਅਮਨਦੀਪ ਸਿੰਘ ਗਿੱਲ, ਰਾਜਬੀਰ ਸਿੰਘ ਰਾਜੂ, ਗੁਰਦੀਪ ਸਿੰਘ ਸਿੱਧੂ, ਰਾਜਬੀਰ ਸਿੰਘ ਰੰਧਾਵਾ, ਸੁਨੀਤਾ ਮਹਿਲਾ ਵਿੰਗ, ਅਮਨਦੀਪ ਸਿੰਘ ਨੰਬਰਦਾਰ, ਨਿਸ਼ਾਨ ਸਿੰਘ ਫੌਜੀ, ਰਘੁਬੀਰ ਸਿੰਘ ਢੀਂਡਸਾ, ਸਰਪੰਚ ਮਨਦੀਪ ਸਿੰਘ, ਲਖਵਿੰਦਰ ਸਿੰਘ ਲੱਖਾ ਅਤੇ ਸੰਦੀਪ ਸਿੰਘ ਆਦਿ ਹਾਜ਼ਰ ਸਨ।

ਬਿਜਲੀ ਘਰ ਬ੍ਰਹਮਪੁਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

ਚੋਹਲਾ ਸਾਹਿਬ/ਸਰਹਾਲੀ ਕਲਾਂ 24 ਮਾਰਚ (ਹਰਪ੍ਰੀਤ ਸਿੰਘ ਚੰਬਾ/ਰਮਨ ਚੱਢਾ)-66 ਕੇ. ਵੀ. ਬਿਜਲੀ ਘਰ ਬ੍ਰਹਮਪੁਰਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਿਜਲੀ ਮੁਲਾਜ਼ਮਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਨ ਅਤੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਜਸੰਵਤ ਸਿੰਘ ਐਸ. ਡੀ. ਓ. ਇਨਫੋਰਸਮੈਂਟ, ਹਰਜੀਤ ਸਿੰਘ ਐਸ. ਡੀ. ਓ. ਸਰਹਾਲੀ, ਪਰਵਿੰਦਰਜੀਤ ਸਿੰਘ ਜੇਈ, ਸ਼ਿੰਦਾ ਸਿੰਘ ਜੇਈ, ਪ੍ਰਗਟ ਸਿੰਘ ਜੇਈ, ਬਲਵਿੰਦਰ ਸਿੰਘ ਐਸ. ਐਸ. ਏ, ਰਣਬੀਰ ਸਿੰਘ ਐਸ. ਐਸ. ਏ, ਕੁਲਵਿੰਦਰ ਸਿੰਘ ਐਸ. ਐਸ. ਏ., ਮੰਗਲ ਸਿੰਘ ਲਾਈਨਮੈਨ, ਜਰਨੈਲ ਸਿੰਘ ਲਾਈਨਮੈਨ, ਗੁਰਪਾਲ ਸਿੰਘ ਲਾਈਨਮੈਨ, ਹਰਜਿੰਦਰ ਸਿੰਘ ਰਾਏ ਲਾਈਨਮੈਨ, ਅਜੀਤਪਾਲ ਸਿੰਘ ਲਾਈਨਮੈਨ, ਬਲਕਾਰ ਸਿੰਘ ਏ. ਐੱਸ. ਐੱਸ. ਏ., ਜਗਰੂਪ ਸਿੰਘ ਆਰ. ਟੀ. ਐਮ, ਗੁਰਦੇਵ ਸਿੰਘ ਆਰ. ਟੀ. ਐਮ, ਕਾਰਜ ਸਿੰਘ ਬ੍ਰਹਮਪੁਰਾ, ਬਾਬਾ ਖੁਸ਼ਪਿੰਦਰ ਸਿੰਘ ਗ੍ਰਥੀ, ਗੁਰਤੇਜ ਸਿੰਘ ਸਰਪੰਚ ਸੰਗਤਪੁਰ, ਗੁਰਪ੍ਰੀਤ ਸਿੰਘ ਸੋਨੂੰ, ਹਰਦੀਪ ਸਿੰਘ, ਡਾਕਟਰ ਜੱਜ, ਡਾਕਟਰ ਦਿਲਬਾਗ ਸਿੰਘ, ਸਰਬਜੀਤ ਸਿੰਘ ਸੰਗਤਪੁਰ ਅੰਮ੍ਰਿਤਪਾਲ ਸਿੰਘ ਭੋਲਾ, ਜੁਗਰਾਜ, ਪਰਦੀਪ ਸਿੰਘ ਸੋਨੂੰ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।

ਕਿਸਾਨ ਜਥੇਬੰਦੀ ਵੱਲੋਂ ਸ਼ਹੀਦਾਂ ਨੂੰ ਪ੍ਰਣਾਮ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਿਸਾਨ ਮਜਦੂਰ ਸੰਘਰਸ ਕਮੇਟੀ (ਪੰਜਾਬ) ਵੱਲੋਂ ਪੱਟੀ ਐੱਸ ਡੀ ਐੱਮ ਦਫਤਰ ਅੱਗੇ ਪੱਟੀ ਜ਼ੋਨ ਵੱਲੋਂ ਲੱਗਭਗ ਬੀਤੇ ਨੌਂ ਮਹੀਨਿਆਂ ਤੋਂ ਇਲਾਕੇ ਦੇ ਮਸਲਿਆਂ ਨੂੰ ਲੈ ਕੇ ਚੱਲ ਰਹੇ ਧਰਨੇ ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਬੀਬੀਆਂ ਅਤੇ ਕਿਸਾਨਾਂ ਮਜ਼ਦੂਰਾਂ ਨੇ ਸ਼ਮੂਲੀਅਤ ਕੀਤੀ। ਧਰਨੇ ਦੀ ਅਗਵਾਈ ਜ਼ਿਲ੍ਹਾ ਸਲਾਹਕਾਰ ਮੇਹਰ ਸਿੰਘ ਤਲਵੰਡੀ,ਦਿਲਬਾਗ ਸਿੰਘ ਪਹੁਵਿੰਡ, ਬਿਕਰਮਜੀਤ ਸਿੰਘ ਜੌੜਾ, ਗੁਰਭੇਜ ਸਿੰਘ ਧਾਰੀਵਾਲ ਨੇ ਕੀਤੀ। ਧਰਨੇ ਵਿੱਚ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।

ਲਾਅ ਦੀਆਂ ਵਿਦਿਆਰਥਣਾਂ ਖਾਲਸਾ ਕਾਲਜ ਦਾ ਨਾਂਅ ਰੁਸ਼ਨਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਆਫ਼ ਲਾਅ ਦੇ ਬੀ. ਏ. ਐੱਲ. ਐੱਲ. ਬੀ. (5 ਸਾਲਾ ਕੋਰਸ) ਤੀਜਾ ਸਮੈਸਟਰ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਪ੍ਰੀਖਿਆ ਦੇ ਨਤੀਜ਼ਿਆਂ 'ਚ ਯੂਨੀਵਰਸਿਟੀ 'ਚੋਂ ਪਹਿਲਾ, ਤੀਜਾ ਅਤੇ ਚੌਥਾ ਸਥਾਨ ਹਾਸਲ ਕਰ ਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।

ਇਸ ਮੌਕੇ ਡਾਇਰੈਕਟਰ-ਕਮ-ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਉਕਤ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀ. ਏ. ਐੱਲ. ਐੱਲ. ਬੀ. (5 ਸਾਲਾ ਕੋਰਸ) ਸਮੈਸਟਰ ਤੀਸਰਾ ਦੀ ਕਾਲਜ ਵਿਦਿਆਰਥਣ ਸਨੇਹਾ ਸ਼ਰਮਾ ਨੇ 449 ਅੰਕਾਂ ਨਾਲ ਯੂਨੀਵਰਸਿਟੀ 'ਚੋਂ ਪਹਿਲਾ, ਤਨੀਸ਼ਾ ਨੇ 434 ਨੰਬਰਾਂ ਨਾਲ ਤੀਜਾ ਅਤੇ ਤਨੂ ਨੇ 433 ਅੰਕਾਂ ਨਾਲ ਚੌਥਾ ਸਥਾਨ ਪ੍ਰਾਪਤ ਕੀਤਾ ਹੈ ਇਸ ਮੌਕੇ ਡਾ. ਜਸਪਾਲ ਸਿੰਘ ਨੇ ਕਿਹਾ ਕਿ ਕਾਲਜ ਦਾ ਵਧੀਆ ਨਤੀਜਾ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ, ਲਗਨ ਅਤੇ ਮੈਨੇਜਮੈਂਟ ਵੱਲੋਂ ਸਿੱਖਿਆ ਦਾ ਵਧੀਆ ਵਾਤਾਵਰਣ ਪ੍ਰਦਾਨ ਕਰਨ ਕਰਕੇ ਹੀ ਸੰਭਵ ਹੋ ਸਕਿਆ ਹੈ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਗਾਂਹ ਭਵਿੱਖ 'ਚ ਹੋਰ ਵੀ ਮਿਹਨਤ ਕਰ ਕੇ ਆਪਣਾ ਅਤੇ ਆਪਣੇ ਕਾਲਜ ਦਾ ਨਾਂ ਰੌਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਡਾ. ਰਾਸ਼ੀਮਾ ਪ੍ਰਭਾਕਰ, ਪ੍ਰੋ. ਸੁਗਮ, ਪ੍ਰੋ. ਤਨਵੀਰ ਬੱਲ, ਡਾ. ਮੋਹਿਤ ਸੈਣੀ, ਡਾ. ਰੇਨੂੰ ਸੈਣੀ ਆਦਿ ਹਾਜ਼ਰ ਸਨ।

ਰਟੋਲ ਦੇ ਦਰਜਨਾਂ ਪਰਿਵਾਰ ਆਟਾ-ਦਾਲ ਸਕੀਮ ਤੋਂ ਵਿਰਵੇ

ਤਰਨਤਾਰਨ (ਪ੍ਰਿਤਪਾਲ ਸਿੰਘ)-ਦਿਹਾਤੀ ਮਜ਼ਦੂਰ ਸਭਾ ਇਕਾਈ ਰਟੋਲ ਦੇ ਦਰਜਨਾਂ ਪਰਿਵਾਰਾਂ ਨੇ ਕਣਕ ਨਾ ਮਿਲਣ ਅਤੇ ਪਰਚੀਆਂ ਨਾ ਕੱਟਣ ਦੇ ਰੋਸ 'ਚ ਜ਼ਿਲੇ ਦੇ ਡਿਪਟੀ ਕਮਿਸ਼ਨਰ ਤਰਨਤਾਰਨ ਨੂੰ ਮੰਗ ਪੱਤਰ ਦੇ ਕੇ ਜਾਣੂ ਕਰਾਇਆ। ਇਸ ਦੀ ਅਗਵਾਈ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਥੇਦਾਰ ਨਰਿੰਦਰ ਸਿੰਘ ਫੌਜੀ ਰਟੋਲ, ਅਮਰਜੀਤ ਸਿੰਘ ਕੋਟਲੀ ਨੇ ਕੀਤੀ। ਇਸ ਮੌਕੇ ਬੋਲਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਜਵੰਦਾ ਨੇ ਕਿਹਾ ਕਿ ਪਿੰਡ ਰਟੋਲ ਦੇ ਮਜ਼ਦੂਰਾਂ ਨੂੰ ਪਹਿਲਾਂ ਕਣਕ ਮਿਲਦੀ ਸੀ ਪਰ ਪੱਖਪਾਤੀ ਵਤੀਰੇ ਕਾਰਨ ਹੁਣ ਮਜ਼ਦੂਰਾਂ ਨੂੰ ਨਾ ਹੀ ਪਰਚੀਆਂ ਕੱਟ ਕੇ ਦਿੱਤੀਆਂ ਹਨ ਅਤੇ ਨਾ ਹੀ ਕਣਕ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ ਮਾਰਨਾ ਘੋਰ ਪਾਪ ਹੈ। ਉਨ੍ਹਾਂ ਕੇਦਰ ਅਤੇ ਪੰਜਾਬ ਸਰਕਾਰ ਵੱਲ 25% ਕੱਟ ਲਾਉਣ ਦੀ ਜ਼ੋਰਦਾਰ ਨਿੰਦਾ ਕੀਤੀ। ਇਨ੍ਹਾਂ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿਸੇ ਨਿਰਪੱਖ ਅਫਸਰ ਕੋਲੋਂ ਜਾਂਚ ਕਰਵਾ ਕੇ ਮਜ਼ਦੂਰਾਂ ਨੂੰ ਬਣਦੀ ਕਣਕ ਦਿੱਤੀ ਜਾਵੇ। ਜ਼ਿਲੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਨੇ ਐੱਸ.ਡੀ.ਐੱਮ. ਤਰਨਤਾਰਨ ਨੂੰ ਪੜਤਾਲ ਕਰਨ ਦੇ ਹੁਕਮ ਦਿੱਤੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜੇਕਰ ਸਾਨੂੰ ਇਨਸਾਫ ਨਾ ਮਿਲਿਆ ਤਾਂ ਦਿਹਾਤੀ ਮਜ਼ਦੂਰ ਸਭਾ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਕਤਲ ਕਾਂਡ 'ਚ ਲੋੜੀਂਦਾ ਮੁਲਜ਼ਮ ਗਿਰਫਤਾਰ; ਵਾਰਦਾਤ 'ਚ ਵਰਤੀ ਕਿਰਪਾਨ ਬਰਾਮਦ

ਪਠਾਨਕੋਟ, (ਦਵਿੰਦਰ ਸਿੰਘ)-ਪਠਾਨਕੋਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ 2022 ਵਿੱਚ ਹੋਏ ਇੱਕ ਕਤਲ ਕੇਸ ਵਿੱਚ ਲੋੜੀਂਦੇ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਦੋਸ਼ੀ ਗੁਰਦੇਵ ਸਿੰਘ ਜੇ. ਐੱਮ. ਆਈ. ਸੀ. ਪਠਾਨਕੋਟ ਦੀ ਮਾਣਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਗਿਆ ਸੀ, ਉਦੋਂ ਤੋਂ ਹੀ ਭਗੌੜਾ ਸੀ ਜਦੋਂ ਦੀ ਘਟਨਾ ਵਾਪਰੀ ਹੈ। ਪੁਲਸ ਦੀ ਕਈ ਮਹੀਨਿਆਂ ਦੀ ਲਗਾਤਾਰ ਕੋਸ਼ਿਸ਼ ਤੋਂ ਬਾਅਦ ਕੇਸ ਵਿੱਚ ਸਫਲਤਾ ਮਿਲੀ ਹੈ। ਫੜੇ ਗਏ ਮੁਲਜ਼ਮ ਦੀ ਪਛਾਣ ਦੀਪਕ ਸਿੰਘ ਉਰਫ ਦੀਪੂ ਪੁੱਤਰ ਮੰਗਤ ਸਿੰਘ ਵਾਸੀ ਫੇਰੂਵਾਲ ਥਾਣਾ ਤਾਰਾਗੜ੍ਹ ਪਠਾਨਕੋਟ ਵਜੋਂ ਹੋਈ ਹੈ। ਪ੍ਰੈੱਸ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਕਪਤਾਨ ਪੁਲਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਕਤਲ ਦਾ ਮੁਕੱਦਮਾ ਐੱਫ.ਆਈ.ਆਰ ਨੰਬਰ 81 ਮਿਤੀ 02.09.2022 ਅ/ਧ 302,365,307,148,149,202,204,212,216,120 ਥਾਣਾ ਸਦਰ ਵਿਖੇ ਦਰਜ ਕੀਤਾ ਗਿਆ ਸੀ। ਮੁਲਜ਼ਮ ਦੀਪਕ ਸਿੰਘ ਕਈ ਮਹੀਨਿਆਂ ਤੋਂ ਗ੍ਰਿਫਤਾਰੀ ਤੋਂ ਬਚਿਆ ਹੋਇਆ ਸੀ, ਜਿਸ ਕਾਰਨ ਪੀੜਤ ਪਰਿਵਾਰ ਅਤੇ ਸਮਾਜ ਵਿੱਚ ਭਾਰੀ ਚਿੰਤਾ ਦਾ ਮਾਹੌਲ ਸੀ। ਹਾਲਾਂਕਿ, ਪੁਲਸ ਨੇ ਲੀਡਾਂ 'ਤੇ ਚੱਲਦਿਆਂ ਅਤੇ ਸਬੂਤ ਇਕੱਠੇ ਕਰਦੇ ਹੋਏ ਮਾਮਲੇ ਦੀ ਜਾਂਚ ਜਾਰੀ ਰੱਖੀ ਹੈ। ਇਹ ਗ੍ਰਿਫਤਾਰੀ 22.03.2023 ਨੂੰ ਇੱਕ ਮੁਖਬਰ ਦੁਆਰਾ ਦਿੱਤੀ ਗਈ ਸੂਹ 'ਤੇ ਕੀਤੀ ਗਈ ਸੀ।

ਪੁੱਛ-ਗਿੱਛ ਦੌਰਾਨ ਦੋਸ਼ੀ ਨੇ ਅਪਰਾਧ ਸੰਬੰਧੀ ਅਹਿਮ ਜਾਣਕਾਰੀਆਂ ਦਾ ਖੁਲਾਸਾ ਕੀਤਾ ਹੈ, ਜਿਸ ਨਾਲ ਕਤਲ ਵਿੱਚ ਵਰਤੀ ਗਈ ਕਿਰਪਾਨ ਬਰਾਮਦ ਹੋਈ ਹੈ।

ਕਿਸਾਨ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਹੇਠ ਰਕਬਾ ਵਧਾਉਣ : ਡਾ. ਭੁਪਿੰਦਰ ਸਿੰਘ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪਿੰਡ ਲੋਹਕਾ ਵਿਖੇ ਭੋਜਨ ਅਤੇ ਪੌਸ਼ਟਿਕ ਆਹਾਰ ਸੁਰੱਖਿਆ ਸੰਬੰਧੀ ਤਕਨੀਕੀ ਸੈਸ਼ਨ ਲਗਾਇਆ ਗਿਆ। ਇਸ ਮੌਕੇ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਪੱਟੀ ਨੇ ਕਿਸਾਨਾਂ ਨੂੰ ਕਿਹਾ ਕਿ ਜਿਥੇ ਮੂਲ ਅਨਾਜ ਦੀ ਖੁਰਾਕ ਮਨੁੱਖੀ ਸਿਹਤ ਲਈ ਲਾਹੇਵੰਦ ਹੈ ਉਥੇ ਫਸਲੀ ਵਿਭਿੰਨਤਾ ਅਪਣਾ ਕੇ ਕੁਝ ਰਕਬੇ ਵਿੱਚ ਇਕਹਿਰੇ ਝੋਨੇ ਕਣਕ ਦੀ ਥਾਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਖਾਸ ਕਰਕੇ ਮੂਲ ਅਨਾਜਾਂ ਦੀ ਖੇਤੀ ਕਰਨ ਨਾਲ ਜ਼ਮੀਨ ਦੀ ਸਿਹਤ ਵੀ ਬਣੀ ਰਹੇਗੀ। ਉਨ੍ਹਾਂ ਕਿਹਾ ਕਿ ਕੋਧਰਾ, ਜਵਾਰ, ਮੱਕੀ, ਬਾਜਰਾ, ਰਾਂਗੀ ਅਤੇ ਕੰਗਣੀ ਆਦਿ ਮੂਲ ਅਨਾਜ ਕਣਕ ਅਤੇ ਝੋਨੇ ਦੇ ਮੁਕਾਬਲੇ ਕਈ ਗੁਣਾ ਵੱਧ ਪੋਸ਼ਕ ਹੁੰਦੇ ਹਨ। ਖੁਰਾਕੀ ਮਹੱਤਤਾ ਦੇ ਨਾਲ-ਨਾਲ ਇਨ੍ਹਾਂ ਦੀ ਇਹ ਵਿਸ਼ੇਸ਼ਤਾ ਵੀ ਹੈ ਕਿ ਇਹ ਚਾਵਲ ਅਤੇ ਕ

25-march-PAGE-4.qxd 3/24/2023 9:58 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 25 ਮਾਰਚ 2023

ਦਰਦਨਾਕ ਹਕੀਕਤ

ਆਪਣੇ ਵਿਕਾਸ ਮਾਡਲ ਨੂੰ ਅਕਸਰ ਪ੍ਰਚਾਰਤ ਕਰਨ ਵਾਲੇ ਗੁਜਰਾਤ ਰਾਜ ਵਿੱਚ ਬੀਤੇ ਦੋ ਸਾਲਾਂ ਵਿੱਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ (ਬੀ ਪੀ ਐੱਲ) ਪਰਵਾਰਾਂ ਦੀ ਗਿਣਤੀ 'ਚ 1359 ਦਾ ਵਾਧਾ ਹੋਇਆ ਹੈ। ਅਮਰੇਲੀ ਜ਼ਿਲ੍ਹੇ 'ਚ ਇਨ੍ਹਾਂ ਪਰਵਾਰਾਂ ਸਭ ਤੋਂ ਵੱਧ 425 ਦਾ ਵਾਧਾ ਦੇਖਿਆ ਗਿਆ ਹੈ। ਇਹ ਅੰਕੜੇ ਰਾਜ ਸਰਕਾਰ ਨੇ ਬੀਤੇ ਦਿਨ ਵਿਧਾਨ ਸਭਾ ਵਿੱਚ ਪੇਸ਼ ਕੀਤੇ। ਰਾਜ ਵਿੱਚ ਨਰਿੰਦਰ ਮੋਦੀ ਕਈ ਵਰ੍ਹੇ ਮੁੱਖ ਮੰਤਰੀ ਰਹੇ ਤੇ ਭਾਜਪਾ ਨੇ ਪ੍ਰਧਾਨ ਮੰਤਰੀ ਵਜੋਂ ਉਨ੍ਹਾ ਦਾ ਚਿਹਰਾ ਪੇਸ਼ ਕਰਨ ਵੇਲੇ ਦੇਸ਼ ਭਰ 'ਚ ਗੁਜਰਾਤ ਮਾਡਲ ਦਾ ਪ੍ਰਚਾਰ ਕੀਤਾ ਸੀ। ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਿਆਂ ਨੂੰ ਵੀ ਚੌਦਾਂ ਸਾਲ ਹੋ ਗਏ ਹਨ ਤੇ ਰਾਜ ਵਿੱਚ ਵੀ ਲਗਾਤਾਰ ਭਾਜਪਾ ਦੀ ਸਰਕਾਰ ਹੀ ਚੱਲੀ ਆ ਰਹੀ ਹੈ ਪਰ ਗਰੀਬ ਅਜੇ ਵੀ ਵਧ ਰਹੇ ਹਨ। ਸਰਕਾਰ ਘਰੇਲੂ ਆਮਦਨ ਤੇ ਖਪਤ ਦੇ ਪੱਧਰ ਦੇ ਅਧਾਰ 'ਤੇ ਗਰੀਬੀ ਰੇਖਾ ਦਾ ਅਨੁਮਾਨ ਲਾਉਣ ਲਈ ਕਈ ਸਮਾਜੀ ਤੇ ਆਰਥਕ ਕਾਰਕਾਂ ਨੂੰ ਧਿਆਨ 'ਚ ਰੱਖਦੀ ਹੈ ਤੇ ਇੱਕ ਸੀਮਾ ਨਿਰਧਾਰਤ ਕਰਦੀ ਹੈ, ਜਿਹੜੀ ਪਰਵਾਰਾਂ ਦੀ ਆਰਥਕ ਸਥਿਤੀ ਨੂੰ ਦਰਸਾਉਂਦੀ ਹੈ। ਸਰਕਾਰ ਇਸ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੀ ਹੈ ਕਿ ਕਿਸੇ ਪਰਵਾਰ ਨੂੰ ਰਾਜ ਤੋਂ ਵਿੱਤੀ ਸਹਾਇਤਾ ਦੀ ਲੋੜ ਹੈ ਜਾਂ ਨਹੀਂ। ਸਾਲ 2011-12, ਜਦੋਂ ਨਰਿੰਦਰ ਮੋਦੀ ਮੁੱਖ ਮੰਤਰੀ ਹੁੰਦੇ ਸਨ, ਕੌਮੀ ਗਰੀਬੀ ਰੇਖਾ (ਸੁਰੇਸ਼ ਤੇਂਦੁਲਕਰ ਕਮੇਟੀ ਦੀ ਕਾਰਜ ਪ੍ਰਣਾਲੀ ਦੀ ਵਰਤੋਂ ਕਰਕੇ) ਪੇਂਡੂ ਖੇਤਰਾਂ ਲਈ 816 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਅਤੇ ਸ਼ਹਿਰੀ ਖੇਤਰਾਂ ਲਈ 1000 ਰੁਪਏ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਅਨੁਮਾਨਤ ਕੀਤੀ ਗਈ ਸੀ। ਨਾਲ ਹੀ ਕਿਹਾ ਗਿਆ ਸੀ ਕਿ ਪੇਂਡੂ ਖੇਤਰਾਂ ਵਿੱਚ 27.2 ਰੁਪਏ ਤੇ ਸ਼ਹਿਰੀ ਖੇਤਰਾਂ 'ਚ 33.3 ਰੁਪਏ ਰੋਜ਼ਾਨਾ ਨਾਲ ਗੁਜ਼ਾਰਾ ਚੱਲ ਜਾਂਦਾ ਹੈ। ਵਿਧਾਨ ਸਭਾ 'ਚ ਪੇਸ਼ ਅੰਕੜਿਆਂ ਮੁਤਾਬਕ ਇਸ ਸਾਲ 31 ਜਨਵਰੀ ਤੱਕ ਗੁਜਰਾਤ 'ਚ 31 ਲੱਖ 67 ਹਜ਼ਾਰ ਤੋਂ ਵੱਧ ਪਰਵਾਰ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਸਨ। 2021 ਤੇ 2022 ਵਿੱਚ 11 ਪਰਵਾਰਾਂ ਨੂੰ ਬੀ ਪੀ ਐੱਲ ਸੂਚੀ ਵਿੱਚੋਂ ਹਟਾਇਆ ਗਿਆ ਜਦਕਿ 31 ਜਨਵਰੀ 2023 ਤੱਕ ਗੁਜਰਾਤ 'ਚ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਵਾਰਾਂ ਦੀ ਗਿਣਤੀ 'ਚ ਪਿਛਲੇ ਦੋ ਸਾਲਾਂ ਵਿੱਚ 1359 ਦਾ ਵਾਧਾ ਹੋਇਆ। ਅਮਰੇਲੀ ਜ਼ਿਲ੍ਹੇ 'ਚ 425 ਪਰਵਾਰਾਂ ਦਾ ਵਾਧਾ ਹੋਇਆ ਜਦਕਿ ਸਾਬਰਕਾਂਠਾ 'ਚ 301, ਬਨਾਸਕਾਂਠਾ 'ਚ 199, ਆਣੰਦ 'ਚ 168 ਤੇ ਜੂਨਾਗੜ੍ਹ 'ਚ 149 ਪਰਵਾਰ ਬੀ ਪੀ ਐੱਲ ਸੂਚੀ 'ਚ ਨਵੇਂ ਜੁੜੇ। ਪ੍ਰੋਫੈਸਰ ਤੇ ਅਰਥਸ਼ਾਸਤਰੀ ਹੇਮੰਤ ਕੁਮਾਰ ਸ਼ਾਹ ਦਾ ਕਹਿਣਾ ਹੈ ਕਿ ਜਿਸ ਰਾਜ 'ਚ ਲੋਕ ਦਾਅਵਾ ਕਰਦੇ ਹਨ ਕਿ ਉਹ 'ਵਿਕਸਤ' ਹਨ ਤੇ ਜਿਸ ਦੇ ਵਿਕਾਸ ਮਾਡਲ ਨੂੰ ਦੇਸ਼ ਤੇ ਦੁਨੀਆ ਅੱਗੇ ਮਿਸਾਲ ਵਜੋਂ ਪੇਸ਼ ਕੀਤਾ ਜਾਂਦਾ ਹੈ, ਉਥੇ ਏਨੀ ਗਿਣਤੀ 'ਚ ਗਰੀਬ ਪਰਵਾਰਾਂ ਦਾ ਹੋਣਾ ਦਰਦਨਾਕ ਹੈ। ਜੇ ਮੋਦੀ ਦੇ ਮਾਡਲ ਰਾਜ 'ਚ ਗਰੀਬਾਂ ਦੀ ਹਾਲਤ ਇਹ ਹੈ ਤਾਂ ਬਾਕੀ ਦੇਸ਼ ਦੇ ਰਾਜਾਂ ਦੀ ਹਾਲਤ ਸਹਿਜੇ ਹੀ ਸਮਝੀ ਜਾ ਸਕਦੀ ਹੈ।

ਧਰਤੀ ਹੇਠਲੇ ਪਾਣੀ ਦੀ ਤਬਾਹੀ ਲਈ ਮੁੱਖ ਜ਼ਿੰਮੇਵਾਰ ਸਨਅਤਾਂ

ਡਾ. ਅਮਨਪ੍ਰੀਤ ਸਿੰਘ ਬਰਾੜ

ਪਾਣੀ ਜ਼ਿੰਦਗੀ ਹੈ ਤੇ ਜ਼ਿੰਦਗੀ ਪਾਣੀ, ਅੱਜ ਦੇਸ਼ ਵਿੱਚ ਪਾਣੀ ਨੂੰ ਲੈ ਕਿ ਚਿੰਤਨ ਹੋ ਰਹੇ ਹਨ, ਖਾਸ ਕਰਕੇ ਧਰਤੀ ਹੇਠਲੇ ਪਾਣੀ ਵਾਸਤੇ। ਵਿਸ਼ਵ ਪਾਣੀ ਸਰੋਤ ਸੰਸਥਾ ਨੇ 2019 ਵਿੱਚ ਭਾਰਤ ਨੂੰ ਵਿਸ਼ਵ ਪੱਧਰ 'ਤੇ ਪਾਣੀ ਦੇ ਤਣਾਅ ਵਾਲੇ ਦੇਸ਼ਾਂ ਦੀ ਸੂਚੀ ਵਿੱਚ 13ਵਾਂ ਸਥਾਨ ਦਿੱਤਾ ਹੈ। ਪੰਜਾਬ ਵਿੱਚ ਇਸ ਦੀ ਚਰਚਾ ਜ਼ਿਆਦਾ ਹੈ, ਕਿਉਂਕਿ ਇਸ ਧਰਤੀ ਉੱਪਰ ਤਿੰਨ ਦਰਿਆ ਵਗਦੇ ਹਨ, ਪਰ ਧਰਤੀ ਹੇਠਲਾ ਪਾਣੀ ਫਿਰ ਵੀ ਦਿਨ-ਬ-ਦਿਨ ਹੇਠਾਂ ਜਾ ਰਿਹਾ ਹੈ। ਉੱਧਰ ਬਾਰਿਸ਼ ਘਟਣ ਕਰਕੇ ਧਰਤੀ ਉਪਰਲਾ ਪਾਣੀ ਵੀ ਪੂਰਾ ਨਹੀਂ ਆ ਰਿਹਾ ਅਤੇ ਨਹਿਰੀ ਪਾਣੀ ਦੀ ਉਪਲੱਭਤਾ ਘਟ ਰਹੀ ਹੈ, ਜੋ ਪਾਣੀ ਉਪਲੱਬਧ ਹੈ, ਉਸ ਵਿਚੋਂ ਦੂਜੇ ਸੂਬੇ ਆਪਣੇ ਹਿੱਸੇ ਦਾ ਅਲਾਟ ਹੋਇਆ ਪਾਣੀ ਲਈ ਜਾਂਦੇ ਹਨ, ਮਗਰ ਪੰਜਾਬ ਨੂੰ ਬਚਿਆ ਪਾਣੀ ਮਿਲਦਾ ਹੈ, ਜਦਕਿ ਉਦਯੋਗ ਜੋ ਕਿ ਦੂਜੇ ਨੰਬਰ 'ਤੇ ਆਉਂਦਾ ਹੈ, ਧਰਤੀ ਹੇਠਲਾ ਪਾਣੀ ਵਰਤਣ ਵਿੱਚ ਉਸ 'ਤੇ ਕੋਈ ਚਰਚਾ ਨਹੀਂ ਹੁੰਦੀ। ਹਾਲਾਤ ਇਹ ਹਨ ਕਿ ਭਾਰਤ ਵਿੱਚ ਹਰ ਸਾਲ 230 ਬਿਲਿਅਨ ਕਿਊਬਿਕ ਮੀਟਰ ਧਰਤੀ ਹੇਠਲਾ ਪਾਣੀ ਕੱਢਿਆ ਜਾਂਦਾ ਹੈ। ਪੰਜਾਬ ਵਿੱਚ 32 ਬਿਲਿਅਨ ਕਿਊਬਿਕ ਮੀਟਰ ਕੱਢਿਆ ਜਾਂਦਾ ਹੈ, ਭਾਵ ਡੇਢ ਪ੍ਰਤੀਸ਼ਤ ਰਕਬੇ ਵਿੱਚੋਂ 14 ਪ੍ਰਤੀਸ਼ਤ ਧਰਤੀ ਹੇਠਲਾ ਪਾਣੀ ਕੱਢਿਆ ਜਾਂਦਾ ਹੈ। ਇਸ ਵਿੱਚ ਧਿਆਨ ਯੋਗ ਗੱਲ ਇਹ ਹੈ ਕਿ ਉਦਯੋਗ ਦੀ ਪਾਣੀ ਲਈ ਮੰਗ ਹਰ ਸਾਲ ਖੇਤੀ ਦੀ ਵਧਦੀ ਮੰਗ ਨਾਲੋਂ ਜ਼ਿਆਦਾ ਹੈ। ਸੋਚਣ ਤੇ ਸਮਝਣ ਦੀ ਲੋੜ ਇਹ ਹੈ, ਜਿਵੇਂ ਅਸੀਂ ਪਾਣੀ ਅਤੇ ਹਵਾ ਬਿਨ੍ਹਾਂ ਨਹੀਂ ਜੀਅ ਸਕਦੇ, ਉਸੇ ਤਰ੍ਹਾਂ ਅਨਾਜ ਬਿਨਾਂ ਵੀ ਜਿਉਂ ਨਹੀਂ ਸਕਾਂਗੇ ਅਤੇ ਇਹ ਖੇਤੀ ਤੋਂ ਆਉਂਦਾ ਹੈ। ਅੱਜ ਵੀ ਅਸੀਂ ਅਨਾਜ ਦੀ ਉਪਲੱਭਤਾ ਵਿੱਚ ਥੁੜ ਜਾਈਏ ਜੇ ਸਾਰੇ ਲੋਕਾਂ ਕੋਲ ਲੋੜ ਮੁਤਾਬਕ ਅਨਾਜ ਖਰੀਦਣ ਦੀ ਸਮਰੱਥਾ ਹੋਵੇ। ਅੱਜ ਅਸੀਂ ਉਹਨਾਂ ਉਦਯੋਗਾਂ ਦੀ ਗੱਲ ਕਰਾਂਗੇ ਜਿਹਨਾਂ ਵਿੱਚ ਪਾਣੀ ਦੀ ਵਰਤੋਂ ਜ਼ਿਆਦਾ ਹੋ ਰਹੀ ਹੈ ।

ਜਦੋਂ ਅਸੀਂ ਇਸ ਪ੍ਰਤੀ ਸੋਚਦੇ ਹਾਂ ਤਾਂ ਸਭ ਤੋਂ ਪਹਿਲਾਂ ਦਿਮਾਗ ਵਿੱਚ ਖਿਆਲ ਠੰਢੇ (Soft Drink) ਦਾ ਆਉਂਦਾ ਹੈ। ਇਸ ਵਿੱਚ ਸਾਲ 2016-2019 ਦੇ ਸਰਕਾਰੀ ਅੰਕੜੇ ਲਈਏ ਤਾਂ ਪਤਾ ਲੱਗਦਾ ਹੈ ਕਿ ਸਾਫਟ ਡਰਿੰਕ ਕੰਪਨੀਆਂ ਨੇ 96,99,872.25 ਕਿਊਬਿਕ ਮੀਟਰ (1000 ਕਰੋੜ ਲਿਟਰ) ਧਰਤੀ ਹੇਠਲਾ ਪਾਣੀ ਕੱਢਿਆ ਹੈ। ਇਸ ਵਿੱਚ ਸਭ ਤੋਂ ਵੱਧ ਪਾਣੀ ਕੱਢਣ ਵਾਲਾ ਸੂਬਾ ਹੈ ਉੱਤਰ ਪ੍ਰਦੇਸ਼, ਜਿਸ ਨੇ 46,86,324 ਕਿਊਬਿਕ ਮੀਟਰ ਪਾਣੀ ਕੱਢਿਆ, ਦੂਜੇ ਨੰਬਰ 'ਤੇ ਪੰਜਾਬ, ਜਿਸ ਵਿੱਚੋਂ 8,44,660 ਕਿਊਬਿਕ ਮੀਟਰ ਪਾਣੀ ਕੱਢਿਆ ਗਿਆ ਹੈ ਅਤੇ ਹਰਿਆਣਾ ਤੀਜੇ ਸਥਾਨ 'ਤੇ ਹੈ 3,06,120 ਕਿਊਬਿਕ ਮੀਟਰ ਪਾਣੀ ਕੱਢਣ ਨਾਲ। ਇਹ ਦੇਸ਼ ਦੇ ਸਭ ਤੋਂ ਵੱਧ ਪਾਣੀ ਦੀ ਵਰਤੋਂ/ਕੁਵਰਤੋਂ ਕਰਨ ਵਾਲਿਆਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ। ਫਿਰ ਵੀ 2019 ਵਿੱਚ ਦੇਸ਼ ਭਰ ਵਿੱਚ 17,607 ਨਵੇਂ ਬੋਟਲਿੰਗ ਪਲਾਂਟ ਖੋਲ੍ਹਣ ਲਈ ਐੱਨ ਓ ਸੀ ਦਿੱਤੇ ਗਏ, ਜਿਸ ਵਿਚੋਂ 926 ਕੰਪਨੀਆਂ ਪੰਜਾਬ ਵਿੱਚ ਹੋਰ ਖੁੱਲ੍ਹਣਗੀਆਂ ਅਤੇ 840 ਹਰਿਆਣੇ ਵਿੱਚ। ਇੱਥੇ ਇਹ ਜਾਨਣਾ ਜ਼ਰੂਰੀ ਹੈ ਕਿ ਵੱਖ-ਵੱਖ ਕੰਪਨੀਆਂ ਦੀ ਵਿਧੀ ਦੇ ਮੁਤਾਬਕ ਇਕ ਲਿਟਰ ਸਾਫਟ ਡਰਿੰਕ ਬਣਾਉਣ ਲਈ 2.8 ਲਿਟਰ ਤੋਂ ਲੈ ਕਿ 3.5 ਲਿਟਰ ਤੱਕ ਪਾਣੀ ਲੱਗਦਾ ਹੈ ।

ਜ਼ਮੀਨੀ ਪਾਣੀ ਦੇ ਨਿਯਮ (Ground Water Regulation) ਦੇ ਤਹਿਤ ਇਹਨਾਂ ਉਦਯੋਗਾਂ ਨੇ ਜਿੰਨਾ ਪਾਣੀ ਕੱਢਣਾ ਹੈ, ਉਸੇ ਹਿਸਾਬ ਨਾਲ ਰੀਚਾਰਜ ਵੀ ਕਰਨਾ ਪੈਂਦਾ ਹੈ, ਪਰ ਇਹ ਕਾਗਜ਼ਾਂ ਵਿੱਚ ਹੀ ਹੋ ਰਿਹਾ, ਜ਼ਮੀਨੀ ਹਕੀਕਤ ਕੁੱਝ ਹੋਰ ਹੈ। ਇਸੇ ਇਵਜ਼ ਵਿੱਚ ਸਰਕਾਰ ਨੇ ਕਾਰਖਾਨਿਆਂ ਨੂੰ ਬਚਾਉਣ ਲਈ ਨਵੀਂ ਸਕੀਮ ਕੱਢੀ ਕਿ ਇਹਨਾਂ 'ਤੇ ਇੱਕ ਨਵੀਂ ਫੀਸ ਯਾਨੀ, (Introduction of Water Consrvation) ਲਗਾ ਦਿੰਦੇ ਹਾਂ। ਐੱਨ ਜੀ ਟੀ (ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਜਨਵਰੀ 2019 ਵਿੱਚ ਇਸ ਦੀ ਸਖਤ ਨਖੇਧੀ ਕੀਤੀ ਅਤੇ ਕਿਹਾ ਇਹ ਫੀਸ ਦਾ ਮਤਲਬ ਯਾਨਿ ਤੁਸੀਂ ਉਹਨਾਂ ਨੂੰ ਅਖਤਿਆਰ ਦੇ ਰਹੇ ਹੋ ਕਿ ਪਾਣੀ ਜਿਸ ਤਰ੍ਹਾਂ ਮਰਜ਼ੀ ਵਰਤ ਲਓ, ਨਾਲ ਹੀ ਕਿਹਾ ਕਿ ਸਰਕਾਰ ਨੂੰ ਇਸ ਦੀ ਰੋਕ ਲਈ ਸਖਤ ਕਾਨੂੰਨ ਬਣਾਉਣ ਦੀ ਲੋੜ ਹੈ, ਉਸ ਤੋਂ ਬਾਅਦ ਇਸ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ।

ਤਕਰੀਬਨ ਹਰ ਸੂਬੇ ਵਿੱਚ ਕੋਕ ਅਤੇ ਪੈਪਸੀ ਦੇ ਖਿਲਾਫ ਕਿਸਾਨਾਂ ਅਤੇ ਕਬਾਇਲੀ ਲੋਕਾਂ ਨੇ ਮੋਰਚਾ ਖੋਲ੍ਹਿਆ ਹੈ ਅਤੇ ਫਿਰ ਕਚਹਿਰੀ ਦਾ ਰੁਖ ਵੀ ਕੀਤਾ ਹੈ। ਸਭ ਤੋਂ ਪਹਿਲਾਂ ਕੇਰਲ ਦੇ ਪਲਚੀਮਾਡ ਨਾਂਅ ਦੇ ਪਿੰਡ ਵਿੱਚ 1998 ਵਿੱਚ ਕੋਕ ਦਾ ਪਲਾਂਟ ਲੱਗਾ, ਉਸ ਵੇਲੇ ਇਹ ਜਗ੍ਹਾ ਨਾਰੀਅਲ ਅਤੇ ਸ਼ਬਜ਼ੀਆਂ ਲਈ ਮਸ਼ਹੂਰ ਸੀ ਤੇ ਚੰਗੀ ਖੇਤੀ ਹੁੰਦੀ ਸੀ, ਪਰ 2003 ਤੱਕ ਆ ਕੇ ਖੂਹ ਸੁੱਕ ਗਏ, ਖੇਤੀ ਖਤਮ ਹੁੰਦੀ ਗਈ। ਗੰਦਾ ਪਾਣੀ ਧਰਤੀ ਹੇਠਾਂ ਪਾਉਣ ਲੱਗੇ ਕਾਰਖਾਨੇ ਵਾਲੇ, ਜਿਸ ਨਾਲ ਧਰਤੀ ਹੇਠਲਾ ਪਾਣੀ ਵੀ ਖਰਾਬ ਹੋਇਆ ਅਤੇ ਧਰਤੀ ਵੀ ਖਰਾਬ ਹੋ ਰਹੀ ਹੈ। ਲੋਕਾਂ ਵੱਲੋਂ ਦਾਇਰ ਕੇਸ ਵਿੱਚ ਉਹਨਾਂ ਕਿਹਾ ਕਿ ਔਰਤਾਂ ਨੂੰ ਰੋਜ਼ ਦੋ ਵਾਰ 5 ਕਿਲੋਮੀਟਰ ਪਾਣੀ ਲਈ ਤੁਰ ਕੇ ਜਾਣਾ ਪੈਂਦਾ ਹੈ । ਜਿਹੜਾ ਪਾਣੀ ਡੂੰਘੇ ਬੋਰ ਕਰਕੇ ਕੱਢਿਆ ਜਾਂਦਾ ਹੈ, ਉਹ ਨਾ ਤਾਂ ਨਹਾਉਣ ਦੀ ਵਰਤੋਂ ਵਿੱਚ ਵੀ ਆਉਂਦਾ, ਨਾਲੇ ਉਸ ਨਾਲ ਅੱਖਾਂ ਮਚਦੀਆਂ ਤੇ ਚਮੜੀ ਰੋਗ ਹੋ ਰਹੇ ਹਨ, ਪਰ ਇਸ ਦੇ ਜਵਾਬ ਵਿੱਚ ਕੰਪਨੀ ਨੇ ਕਿਹਾ ਉਹ ਰੋਜ਼ ਦੀ ਜ਼ਰੂਰਤ ਜੋਗਾ ਪਾਣੀ ਟੈਂਕਰਾਂ ਰਾਹੀਂ ਲੋਕਾਂ ਤੱਕ ਪਹੁੰਚਾਉਂਦੇ ਹਨ ਅਤੇ ਨਾਲ ਇਹ ਵੀ ਕਿਹਾ ਕਿ ਉਹ ਸਾਫਟ ਡਰਿੰਕ ਬਣਾਉਣ ਲਈ ਸਿਰਫ ਇੱਕ ਮਿਲੀਅਨ ਲਿਟਰ ਪਾਣੀ ਹੀ ਕੱਢਦੇ ਹਨ। ਇਸ ਵੇਲੇ ਕੇਸ ਸੁਪਰੀਮ ਕੋਰਟ ਵਿੱਚ ਚੱਲ ਰਿਹਾ ਹੈ ।

ਇਸ ਤਰ੍ਹਾਂ ਦਾ ਅੰਦੋਲਨ ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਉੱਠਿਆ ਹੋਇਆ ਹੈ। ਸਾਲ 2019 ਵਿੱਚ ਸਭ ਤੋਂ ਵੱਡੀ ਅਵਾਜ਼ ਉੱਤਰ ਪ੍ਰਦੇਸ਼ ਦੇ ਮਹਿੰਦੀਗੜ੍ਹ, ਜੋ ਵਾਰਾਨਸੀ ਵਿੱਚ ਹੈ, ਉੱਥੋਂ ਉੱਠੀ। ਇਸ ਪਲਾਂਟ ਨੂੰ ਕੋਕ ਵਿਸਥਾਰ ਲਈ ਸੋਚ ਰਿਹਾ ਸੀ। ਸਰਕਾਰ ਤੋਂ 24 ਮਿਲੀਅਨ ਡਾਲਰ ਦੇ ਨਿਵੇਸ਼ ਦੀ ਮਨਜ਼ੂਰੀ ਵੀ ਮੰਗੀ, ਪਰ ਸਰਕਾਰ ਨੇ ਲੋਕਾਂ ਦੇ ਵਿਰੋਧ ਕਰਕੇ ਇਸ ਨੂੰ ਟਾਲ ਦਿੱਤਾ ਅਤੇ ਹੁਣ ਇਸ ਨੂੰ ਕਿਤੇ ਹੋਰ ਸ਼ਿਫਟ ਕੀਤੇ ਜਾਣ ਦੀ ਗੱਲ ਚਲਦੀ ਹੈ। ਨਵੇਂ ਪਲਾਂਟ ਵਿੱਚ 600 ਬੋਤਲ ਇੱਕ ਮਿੰਟ ਵਿੱਚ ਭਰੀ ਜਾਵੇਗੀ। ਗੱਲ ਸੋਚਣ ਦੀ ਹੈ ਕਿ 2014 ਵਿੱਚ ਸਰਕਾਰ ਨੇ ਇਸ ਪਲਾਂਟ ਨੂੰ ਬੰਦ ਕਰਨ ਦੇ ਹੁਕਮ ਵੀ ਦਿੱਤੇ ਸਨ, ਪਰ ਫਿਰ ਇੱਕ ਲੱਖ ਛੱਬੀ ਹਜ਼ਾਰ ਦਾ ਜੁਰਮਾਨਾ ਲਾ ਕੇ ਛੱਡ ਦਿੱਤਾ ਸੀ। ਜਿੱਥੇ ਇੱਕ ਪਾਸੇ ਸਾਰੇ ਬੁੱਧੀਜੀਵੀ ਇੱਕ ਅਵਾਜ਼ ਵਿੱਚ ਰੌਲਾ ਪਾ ਰਹੇ ਹਨ ਕਿ ਖੇਤੀ ਨੇ ਧਰਤੀ ਹੇਠਲਾ ਪਾਣੀ ਖਤਮ ਕਰ ਦੇਣਾ ਹੈ। ਹਾਲ ਹੀ ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ) ਨੇ ਰਾਜਪੁਰਾ ਦੀ ਸੋਢਾ ਫੈਕਟਰੀ 'ਤੇ 99.71 ਲੱਖ ਦਾ ਜੁਰਮਾਨਾ ਲਾਇਆ ਹੈ। ਇਹ ਕਾਰਖਾਨਾ 2018 ਤੋਂ ਬਿਨਾਂ ਮਨਜ਼ੂਰੀ ਦੇ ਧਰਤੀ ਦੇ ਹੇਠੋਂ ਪਾਣੀ ਕੱਢਣ ਲਈ 6 ਇੰਚ ਤੇ 350 ਫੁੱਟ ਡੂੰਘਾ ਬੋਰ ਕੀਤਾ ਹੋਇਆ ਹੈ ਅਤੇ 2,33,975 ਕਿਲੋਲਿਟਰ ਪਾਣੀ ਦੀ ਖਪਤ ਕਰਦਾ ਹੈ। ਇਹ ਜੁਰਮਾਨਾ 1974 ਦੇ ਐਕਟ (ਪਰਵੈਨਸ਼ਨ ਐਂਡ ਕੰਟਰੋਲ ਆਫ ਪਲੂਸ਼ਨ) ਦੇ ਤਹਿਤ ਲਾਇਆ ਗਿਆ ਹੈ।

ਸਾਫਟ ਡਰਿੰਕ ਦੀ ਵੱਧਦੀ ਖਪਤ ਲਈ ਅਤੇ ਪਾਣੀ ਦੀ ਦੁਰਵਰਤੋਂ ਲਈ ਕਿਤੇ ਅਸੀਂ ਲੋਕ ਵੀ ਗੁਨਾਹਗਾਰ ਹਾਂ ਪਹਿਲਾਂ ਲੋਕ ਘਰ ਵਿੱਚ ਸਕੰਜਵੀਂ, ਸੱਤੂ, ਕੱਚੀ ਲੱਸੀ (ਦੁੱਧ ਦੀ ਲੱਸੀ) ਵਰਗੇ ਠੰਡੇ ਬਣਦੇ ਸੀ, ਫੇਰ ਰੂਹਅਫਜਾ, ਰਸਨਾ, ਸੂਕੈਸ਼ ਆਦਿ ਬਜ਼ਾਰ ਵਿੱਚ ਆਏ। ਇਹਨਾਂ ਵਿੱਚ ਜਿਨ੍ਹਾਂ ਪਾਣੀ ਪੀਣਾ ਹੈ ਉਨ੍ਹੇ ਪਾਣੀ ਵਿੱਚ ਘੋਲ ਕਿ ਬਣਾ ਲਵੋ ਤੇ ਪੀ ਲਵੋ। ਪਰ ਸਾਫਟ ਡਰਿੰਕ ਨੂੰ ਬਣਾਉਣ ਲਈ ਇੱਕ ਲਿਟਰ ਮਗਰ 2.8 ਅਤੇ 3.5 ਲਿਟਰ ਪਾਣੀ ਖਪਾਉਣਾ ਪੈਂਦਾ ਹੈ ਦੂਜਾ ਜੇਬ ਲਈ ਕਫਾਇਤੀ ਵੀ ਸੀ, ਇੱਕ ਰੂਹਅਫਜੇ ਦੀ ਬੋਤਲ ਪਰਿਵਾਰ ਦੇ ਹਿਸਾਬ ਨਾਲ 15-20 ਦਿਨ ਕੱਢ ਜਾਂਦੀ ਸੀ ਤੇ ਸਾਰਾ ਪਰਿਵਾਰ ਪੀਂਦਾ ਸੀ। ਪਰ ਅੱਜ ਅਸੀਂ ਸਕੰਜਵੀਂ ਵੀ ਬਰੈਂਡ (ਬੋਤਲ) ਦੀ ਹੀ ਪੀਂਦੇ ਹਾਂ।

ਇਹਨਾਂ ਕਾਰਖਾਨਿਆਂ ਵਿਚੋਂ ਜਿਹੜੀ ਚਿੱਕੜ (Studge) ਨਿਕਲਦੀ ਹੈ, ਉਸ ਵਿੱਚ ਕੈਡਮੀਅਮ (Cadmium), ਲੈਡ (Lead) ਅਤੇ ਕਰੋਮੀਅਮ ਹੁੰਦੀ ਹੈ, ਜਿਸ ਨਾਲ ਧਰਤੀ ਉੱਪਰਲਾ ਅਤੇ ਹੇਠਲਾ ਪਾਣੀ ਅਤੇ ਜ਼ਮੀਨ ਨੂੰ ਖਰਾਬ ਕਰ ਰਿਹਾ ਹੈ । ਇਹ ਰਸਾਇਣ ਕਿੰਨਾ ਨੁਕਸਾਨ ਕਰ ਰਹੇ ਹਨ, ਇਸ 'ਤੇ ਕੋਈ ਸਵਾਲ ਨਹੀਂ ਚੁੱਕਦਾ, ਕਿਉਂਕਿ ਸਰਕਾਰਾਂ ਕਾਰਪੋਰੇਟ ਨੂੰ ਨਰਾਜ਼ ਨਹੀਂ ਕਰ ਸਕਦੀਆਂ।

ਇਸ ਵਿੱਚ ਹੋਰ ਵੱਧ ਪਾਣੀ ਵਰਤਣ ਵਾਲੇ ਉਦਯੋਗ ਹਨ; ਚਮੜਾ ਉਦਯੋਗ, ਕਾਗਜ਼, ਟੈਕਸਟਾਈਲ ਅਤੇ ਲੋਹੇ ਅਤੇ ਸਟੀਲ ਉਦਯੋਗ। ਚਮੜਾ ਉਦਯੋਗ ਹਰ ਸਾਲ ਤਕਰੀਬਨ 30 ਬਿਲੀਅਨ ਲਿਟਰ ਪਾਣੀ ਵਰਤਦਾ ਹੈ। ਇਸ ਵਿੱਚ ਜਿਹੜਾ ਖਰਾਬ ਪਾਣੀ ਬਚਦਾ ਹੈ, ਉਸ ਵਿੱਚ ਸਭ ਤੋਂ ਜ਼ਿਆਦਾ ਜ਼ਹਿਰੀਲੇ ਪਦਾਰਥ ਹੁੰਦੇ ਹਨ। ਪਲਪ ਅਤੇ ਕਾਗਜ਼ ਦੇ ਵੱਡੇ ਕਾਰਖਾਨੇ ਆਪਣੇ ਆਕਾਰ ਅਤੇ ਤਕਨੀਕ ਦੇ ਹਿਸਾਬ ਨਾਲ 1 ਲੱਖ ਤੋਂ 2 ਲੱਖ ਲਿਟਰ ਪਾਣੀ ਪ੍ਰਤੀ ਟਨ ਕਾਗਜ਼ ਵਰਤਦੇ ਹਨ। ਇੱਕ ਟਨ ਕਾਗਜ਼ ਬਣਾਉਣ ਲਈ ਇਹ ਪਾਣੀ ਦੀ ਖਪਤ 2002 ਤੋਂ ਬਾਅਦ ਹੀ ਔਸਤ 1,35,000 ਲਿਟਰ ਤੇ ਆਈ ਹੈ, ਉਸ ਤੋਂ ਪਹਿਲਾਂ ਇਹ 2 ਲੱਖ ਲਿਟਰ 'ਤੇ ਹੀ ਸੀ। ਅਮਰੀਕਾ, ਯੂਰਪ ਵਿੱਚ ਇੱਕ ਟਨ ਕਾਗਜ਼ ਬਣਾਉਣ ਲਈ ਪੰਜਾਹ ਹਜ਼ਾਰ ਲਿਟਰ ਪਾਣੀ ਹੀ ਲੱਗਦਾ ਹੈ। ਨਵੀਂ

25-MAR-PAGE-5.qxd 3/24/2023 9:56 PM Page 1

ਸਰਬ ਭਾਰਤ ਨੌਜਵਾਨ ਸਭਾ ਤੇ ਸਟੂਡੈਂਟ ਫੈਡਰੇਸ਼ਨ ਵੱਲੋਂ ਸ਼ਰਧਾਂਜਲੀ ਸਮਾਗਮ

ਅਰਸ਼ੀ ਨੇ ਸ਼ਹੀਦਾਂ ਦੀ ਸੋਚ ਨੂੰ ਅਪਣਾਉਣ ਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ)

ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵੱਲੋਂ 23 ਮਾਰਚ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਚੇਚੇ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਐਮ ਐਲ ਏ ਹਰਦੇਵ ਅਰਸ਼ੀ, ਚਮਕੌਰ ਸਿੰਘ ਕਿਸਾਨ ਆਗੂ ਲੁਧਿਆਣਾ, ਅਧਿਆਪਕ ਆਗੂ ਚਰਨ ਸਰਾਭਾ, ਲੇਖਕ ਗੁਲਜਾਰ ਪੰਧੇਰ, ਐੱਮ ਐੱਲ ਏ ਜਗਤਾਰ ਸਿੰਘ ਦਿਆਲਪੁਰਾ ਦੀ ਸੁਪਤਨੀ ਪਿੰਦਰਜੀਤ ਕੌਰ ਦਿਆਲਪੁਰਾ, ਪੀ ਏ ਸੁਖਵਿੰਦਰ ਸਿੰਘ ਗਿੱਲ ਦੀ ਸੁਪਤਨੀ ਗੁਰਮੀਤ ਕੌਰ ਤੇ ਅੰਮ੍ਰਿਤਪੁਰੀ, ਐਡਵੋਕੇਟ ਪਰਮਜੀਤ ਸਿੰਘ ਖੰਨਾ, ਡਾ. ਬਲਬੀਰ ਸਿੰਘ ਗੁਰਲਾਭ ਨਰਸਿੰਗ ਹੋਮ, ਸੁੱਖਸਾਗਰ ਸਿੰਘ ਸਾਬਕਾ ਕਾਰਜ ਸਾਧਕ ਅਫਸਰ, ਰਜਿੰਦਰ ਵਰਮਾ ਕੁੰਦਨ ਜਿਊਲਰਜ਼, ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ ਤੇ ਸਮੂਹ ਮੈਂਬਰ, ਅਮਰਜੀਤ ਸਿੰਘ ਬਾਲਿਓਂ ਤੇ ਸਾਹਿਤ ਸਭਾ ਦੇ ਸਮੂਹ ਸਟਾਫ ਮੈਂਬਰਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਇਸ ਮੌਕੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਐੱਮ ਐੱਲ ਏ ਹਰਦੇਵ ਅਰਸ਼ੀ ਨੇ ਸ਼ਹੀਦ-ਏ-ਆਜ਼ਮ ਸ੍. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸੋਚ ਨੂੰ ਅਪਣਾਉਣ ਲਈ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਚਮਕੌਰ ਸਿੰਘ, ਐੱਸ ਪੀ ਸਿੰਘ ਤੇ ਡਾ. ਬਲਬੀਰ ਸਿੰਘ ਨੇ ਕਿਹਾ ਕਿ 23 ਮਾਰਚ ਦੇ ਮਹਾਨ ਯੋਧਿਆਂ ਨੇ ਦੇਸ਼ ਲਈ ਬਿਨਾਂ ਸੋਚੇ ਸਮਝੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ, ਹੁਣ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀ ਇਨ੍ਹਾਂ ਕੁਰਬਾਨੀਆਂ ਨੂੰ ਵਿਅਰਥ ਨਾ ਹੋਣ ਦੇਈਏ। ਸ਼ਹੀਦ ਭਗਤ ਸਿੰਘ ਸਕੂਲ ਦੇ ਨਿੱਕੇ ਨਿੱਕੇ ਬੱਚਿਆਂ ਵੱਲੋਂ ਕੋਰੀਓਗ੍ਰਾਫ਼ੀਆਂ, ਇੰਨਕਲਾਬੀ ਗੀਤ ਤੇ ਕਵੀਤਾਵਾਂ ਪੇਸ਼ ਕੀਤੀਆਂ। ਸਤਿਕਾਰ ਰੰਗਮੰਚ ਮੁਹਾਲੀ ਵੱਲੋਂ ਨਾਟਕ 'ਬੁੱਤ ਬੋਲ ਪਿਆ', 'ਮਿੱਟੀ ਰੁਦਨ ਕਰੇ', 'ਛਿਪਣ ਤੋਂ ਪਹਿਲਾਂ' ਤੇ ਟੀਮ ਵੱਲੋਂ ਕੁਝ ਗੀਤ ਪੇਸ਼ ਕੀਤੇ। ਜਾਦੂਗਰ ਮੁਖਵੀਰ ਸਿੰਘ ਵੱਲੋਂ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਕਰਨ ਲਈ ਜਾਦੂ ਦੇ ਟਰਿੱਕ ਪੇਸ਼ ਕੀਤੇ, ਜਿਸ ਵਿਚ ਸਟੇਜ ਸੈਕਟਰੀ ਦੀ ਭੂਮਿਕਾ ਸਰਬ ਭਾਰਤ ਨੌਜਵਾਨ ਸਭਾ ਦੇ ਬਲਾਕ ਸਕੱਤਰ ਗੁਰਪ੍ਰੀਤ ਸਿੰਘ ਭੱਟੀਆ ਨੇ ਨਿਭਾਈ।

ਇਸ ਮੌਕੇ ਪੰਜਾਬ ਇਸਤਰੀ ਸਭਾ ਦੇ ਚੇਅਰਪਰਸਨ ਮੈਡਮ ਸਰਬਜੀਤ ਕੌਰ ਗਿੱਲ, ਸੁਸਮਾ ਰਾਣੀ, ਅਨੀਤਾ ਹਾਂਡਾ, ਮੈਡਮ ਕੁਲਵੰਤ ਕੌਰ ਨੀਲੋਂ, ਸੀਨੀਅਰ ਪੱਤਰਕਾਰ ਗੁਰਦੀਪ ਸਿੰਘ ਟੱਕਰ, ਸਨੀ, ਗੁਰਦੀਪ ਚੌਹਾਨ, ਜਗਰੂਪ ਸਿੰਘ ਮਾਨ, ਸ਼ੈਂਕੀ ਸ਼ਰਮਾ, ਤਲਵਿੰਦਰ ਸਿੰਘ ਗਿੱਲ, ਭਾਰਤੀ ਕਮਿਊਨਿਸਟ ਪਾਰਟੀ ਬਲਾਕ ਮਾਛੀਵਾੜਾ ਤੇ ਸਮਰਾਲਾ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ, ਰੰਗਕਰਮੀ ਸਦਬਲਿਹਾਰ ਸਿੰਘ ਕੰਗ, ਸ਼ਿਵ ਕੁਮਾਰ ਸ਼ਿਵਲੀ ਸਮੂਹ ਮੈਂਬਰ, ਹਰਪ੍ਰੀਤ ਸਿੰਘ ਗਰੇਵਾਲ ਮਸਲ ਮੋਨੀਆ ਜਿੰਮ, ਪਰਮਜੀਤ ਹੰਸ ਮਿੰਕੂ, ਦੀਪਕ ਕੁਮਾਰ, ਰਾਜੀਵ ਕੁਮਾਰ, ਸਨੀ ਖੇੜਾ, ਭਵਿਸ਼ ਮਾਹਤੋ, ਮਨੀ ਸਿੰਘ, ਕਾਮਰੇਡ ਕੇਵਲ ਸਿੰਘ ਮੰਜਾਲੀਆਂ, ਕਾਮਰੇਡ ਬੰਤ ਸਿੰਘ ਸਮਰਾਲਾ, ਜਗਤਾਰ ਸਿੰਘ ਜੱਸੋਵਾਲ, ਸੁਸ਼ੀਲ ਕੁਮਾਰ ਹਾਂਡਾ, ਗੁਰਪ੍ਰੀਤ ਸਿੰਘ ਗੁਰੀ, ਗੁਰੀ ਕੰਗ ਸਮਰਾਲਾ, ਕਰਨ ਗੌੜ ਤੇ ਹੋਰ ਸ਼ਾਮਲ ਸਨ।

ਕਾਮਰੇਡ ਜੱਗਾ ਸਿੰਘ ਰਾਏਪੁਰ ਸਾਥੀਆਂ ਸਮੇਤ ਸੀ ਪੀ ਆਈ 'ਚ ਸ਼ਾਮਲ

ਪਾਰਟੀ 'ਚ ਸ਼ਾਮਲ ਹੋਣ ਵਾਲੇ ਸਾਥੀਆਂ ਦਾ ਕੀਤਾ ਜਾਵੇਗਾ ਪੂਰਾ ਮਾਣ ਸਨਮਾਨ : ਚੌਹਾਨ

ਮਾਨਸਾ (ਆਤਮਾ ਸਿੰਘ ਪਮਾਰ)-ਕਾਮਰੇਡ ਜੱਗਾ ਸਿੰਘ ਰਾਏਪੁਰ ਸਾਥੀਆਂ ਸਮੇਤ ਸੀ ਪੀ ਆਈ ਵਿੱਚ ਸ਼ਾਮਲ ਹੋ ਗਏ। ਅੱਜ ਉਨ੍ਹਾ ਨੇ ਪਾਰਟੀ ਆਗੂਆਂ ਐਡਵੋਕੇਟ ਕੁਲਵਿੰਦਰ ਉੱਡਤ, ਕਾਮਰੇਡ ਬਲਦੇਵ ਸਿੰਘ ਬਾਜੇਵਾਲਾ ਦੀ ਹਾਜ਼ਰੀ ਵਿੱਚ ਸੀ ਪੀ ਆਈ ਦੀ ਮੈਂਬਰਸ਼ਿਪ ਬਾਕਾਇਦਾ ਦਾ ਰੂਪ ਵਿੱਚ ਗ੍ਰਹਿਣ ਕਰ ਲਈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਾਮਰੇਡ ਜੱਗਾ ਸਿੰਘ ਰਾਏਪੁਰ ਨੇ ਕਿਹਾ ਕਿ ਉਨ੍ਹਾਂ ਨੇ ਕਿਰਤੀ ਵਰਗ ਦੇ ਹੱਕਾਂ ਤੇ ਹਿੱਤਾਂ ਦੇ ਸੰਘਰਸ਼ ਨੂੰ ਪ੍ਰਚੰਡ ਕਰਨ ਤੇ ਕਮਿਊਨਿਸਟ ਲਹਿਰ ਦੀ ਮਜ਼ਬੂਤੀ ਲਈ ਇਹ ਫੈਸਲਾ ਲਿਆ ਹੈ।

ਉਨ੍ਹਾਂ ਦੇ ਇਸ ਫੈਸਲੇ ਦਾ ਭਰਵਾਂ ਸਵਾਗਤ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਥੀਆਂ ਨੂੰ ਪਾਰਟੀ ਵਿੱਚ ਪੂਰਾ ਮਾਨ ਸਨਮਾਨ ਦਿੱਤਾ ਜਾਵੇਗਾ ਤੇ ਸਾਥੀਆਂ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਹੋਰ ਵੀ ਸ਼ਿਦਤ ਨਾਲ ਕਿਰਤੀ ਵਰਗ ਦੇ ਹੱਕਾਂ ਤੇ ਹਿੱਤਾਂ ਲਈ ਜੱਦੋ-ਜਹਿਦ ਕਰੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਭ ਸਿੰਘ ਰਾਏਪੁਰ, ਕਾਲਾ ਸਿੰਘ ਰਾਏਪੁਰ, ਕੁਲਵਿੰਦਰ ਸਿੰਘ ਰਾਏਪੁਰ ਆਦਿ ਸਾਥੀ ਹਾਜ਼ਰ ਸਨ।

ਸਿਹਤ, ਵਿੱਦਿਆ ਤੇ ਰੁਜ਼ਗਾਰ ਦੀ ਗਰੰਟੀ ਦਾ ਕਾਨੂੰਨ ਚਾਹੁੰਦੀ ਐ ਜਵਾਨੀ : ਬਲਕਰਨ ਮੋਗਾ

ਪ੍ਰਗਤੀਸ਼ੀਲ ਮੰਚ ਪੰਜਾਬ ਨੇ ਮਨਾਇਆ ਸ਼ਹੀਦੀ ਦਿਹਾੜਾ

ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਪ੍ਰਗਤੀਸ਼ੀਲ ਮੰਚ ਪੰਜਾਬ ਦੇ ਆਗੂ।

ਮੋਗਾ (ਅਮਰਜੀਤ ਬੱਬਰੀ)

ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ 'ਤੇ ਸ਼ਹੀਦਾਂ ਨੂੰ ਫੁੱਲ ਮਲਾਵਾਂ ਭੇਟ ਕਰਦਿਆਂ ਪ੍ਰਗਤੀਸ਼ੀਲ ਮੰਚ ਪੰਜਾਬ ਦੇ ਪ੍ਰਧਾਨ ਬਲਕਰਨ ਮੋਗਾ ਨੇ ਕਿਹਾ ਕਿ ਭਗਤ ਸਿੰਘ ਇਕ ਵਿਚਾਰਧਾਰਾ ਦਾ ਨਾਮ ਹੈ। ਉਹ ਸਮਾਜਵਾਦੀ ਫਲਸਫੇ ਦਾ ਧਾਰਨੀ ਸੀ। ਦੇਸ ਦੀ ਅਜ਼ਾਦੀ, ਏਕਤਾ ਤੇ ਅਖੰਡਤਾ ਲਈ ਇਨ੍ਹਾਂ ਸ਼ਹੀਦਾਂ ਨੇ ਕੁਰਬਾਨੀ ਦਿੱਤੀ। ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕੇ ਹੀ ਅਜ਼ਾਦ ਦੇਸ਼ ਦੇ ਸੰਵਿਧਾਨ ਨੇ ਹਰ ਨਾਗਰਿਕ ਨੂੰ ਵਿਚਾਰ ਪ੍ਰਗਟਾਵੇ ਦੀ ਖੁੱਲ੍ਹ ਦਿੱਤੀ ਹੈ। ਭਗਤ ਸਿੰਘ ਦਾ ਕਥਨ ਹੈ ਕਿ ਸੁਤੰਤਰ ਸੋਚ ਤੇ ਆਲੋਚਨਾ ਇੱਕ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹਨ, ਪਰ ਕੇਂਦਰ ਤੇ ਪੰਜਾਬ ਸਰਕਾਰ ਕਾਨੂੰਨਾਂ ਦੀ ਆੜ ਵਿੱਚ ਸੰਵਿਧਾਨ ਦੀ ਰੂਹ ਨੂੰ ਖਤਮ ਕਰ ਰਹੀ ਹੈ। ਪੰਜਾਬ ਦਾ ਭਾਈਚਾਰਾ ਦਹਿਸਤ ਭਰਿਆ ਮਾਹੌਲ ਨਹੀਂ ਚਾਹੁੰਦਾ। ਪੰਜਾਬ ਦੇ ਲੋਕ ਸ਼ਾਂਤੀ ਪਸੰਦ ਹਨ। ਜਵਾਨੀ ਸਿਹਤ, ਵਿੱਦਿਆ ਤੇ ਰੁਜ਼ਗਾਰ ਦੀ ਗਰੰਟੀ ਦਾ ਕਾਨੂੰਨ ਚਾਹੁੰਦੀ ਹੈ।

ਬਲਕਰਨ ਮੋਗਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਕਾਰਜ-ਕਾਲ ਦਾ ਇੱਕ ਵਰਾ ਬੀਤ ਚੁੱਕਾ ਹੈ, ਪਰ ਉਸ ਨੇ ਆਪਣੀ ਲਾਰਿਆਂ ਦੀ ਪੰਡ ਵਿੱਚੋਂ ਵਾਅਦੇ ਪੂਰੇ ਨਹੀਂ ਕੀਤੇ। ਸਰਕਾਰ ਨੌਜਵਾਨਾਂ ਲਈ ਰਜ਼ਗਾਰ, ਮਿਆਰੀ ਵਿੱਦਿਆ, ਸਿਹਤ ਤੇ ਔਰਤਾਂ ਦੇ ਖਾਤੇ ਵਿੱਚ ਇੱਕ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਵਿੱਚ ਵੀ ਫੇਲ੍ਹ ਸਾਬਿਤ ਹੋਈ ਹੈ। ਇਸ ਮੌਕੇ ਮੰਚ ਦੇ ਆਗੂ ਨਵਜੋਤ ਸਿੰਘ ਜੋਗੇਵਾਲਾ ਤੇ ਅਮਨਦੀਪ ਸਿੰਘਾਵਾਲਾ ਨੇ ਕਿਹਾ ਕਿ ਸਾਂਝੀਵਾਲਤਾ ਦਾ ਸਮਾਜ ਸਿਰਜਣ ਲਈ ਨੌਜਵਾਨਾਂ ਦਾ ਆਪਣੇ ਹਿੱਤਾਂ ਲਈ ਜਾਗਣਾ ਜ਼ਰੂਰੀ ਹੈ। ਪ੍ਰਗਤੀਸ਼ੀਲ ਮੰਚ ਨੌਜਵਾਨਾਂ ਦੀ ਲਾਮਬੰਦੀ ਲਈ ਚੇਤਨਾ ਦਾ ਪ੍ਰਸਾਰ ਜਾਰੀ ਰੱਖੇਗੀ। ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਹਰਮਨਦੀਪ ਸਿੰਘ ਹਿੰਮਤਪੁਰਾ ਨੇ ਕਿਹਾ ਕਿ ਸਰਕਾਰ ਮਜ਼ਦੂਰਾਂ ਨਾਲ ਵਾਅਦੇ ਕਰਕੇ ਮੁੱਕਰੀ ਹੈ। ਹੱਕ ਮੰਗਦੇ ਮਜ਼ਦੂਰਾਂ 'ਤੇ ਲਾਠੀਚਾਰਜ ਕਰਕੇ ਸਾਬਿਤ ਕੀਤਾ ਹੈ ਕਿ ਆਮ ਆਦਮੀ ਪਾਰਟੀ ਦਾ ਪਿਛਲੀਆਂ ਸਰਕਾਰਾਂ ਨਾਲੋਂ ਕੋਈ ਫਰਕ ਨਹੀਂ। ਇਸ ਮੌਕੇ ਹਾਜ਼ਰ ਆਗੂਆਂ ਵਿੱਚ ਸੰਦੀਪ ਸਿੰਘ, ਸਤਨਾਮ ਸਿੰਘ, ਪ੍ਰਭ, ਸੱਤੀ ਤੇ ਗੋਪੀ ਸ਼ਾਮਲ ਸਨ।

ਕਾਤਰਾਂ

ਨੌਜਵਾਨ ਨੇ ਰੇਲ ਗੱਡੀ ਹੇਠ ਆ ਕੇ ਕੀਤੀ ਖੁਦਕੁਸ਼ੀ

ਬਰੇਟਾ (ਗੀਤਵਾਲ)-ਇੱਕ ਨੌਜਵਾਨ ਦੀ ਰੇਲ ਗੱਡੀ ਹੇਠ ਆਉਣ ਕਾਰਨ ਮੌਤ ਹੋ ਜਾਣ ਦਾ ਦੁੱਖਦਾਈ ਸਮਾਚਾਰ ਹੈ। ਰੇਲਵੇ ਪੁਲਸ ਚੌਕੀ ਬਰੇਟਾ ਦੇ ਜਾਂਚ ਅਧਿਕਾਰੀ ਨਿਰਮਲ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ੁੱਕਰਵਾਰ ਦੀ ਸਵੇਰ ਜਾਖਲ ਤੋਂ ਬਠਿੰਡਾ ਵੱਲ ਜਾ ਰਹੀ ਇੱਕ ਯਾਤਰੀ ਰੇਲ ਗੱਡੀ ਦੇ ਹੇਠ ਨੌਜਵਾਨ ਆਨੰਦ ਕੁਮਾਰ (31) ਵਾਸੀ ਜੀਂਦ (ਹਰਿਆਣਾ) ਨੇ ਬਰੇਟਾ ਰੇਲਵੇ ਸਟੇਸ਼ਨ ਨਜ਼ਦੀਕ ਖੁਦਕੁਸ਼ੀ ਕਰ ਲਈ। ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਸੂਰਜ ਭਾਨ ਦੇ ਬਿਆਨਾਂ ਅਨੁਸਾਰ ਮ੍ਰਿਤਕ ਨੌਜਵਾਨ ਆਰਥਿਕ ਤੰਗੀ ਦੇ ਕਾਰਨ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਦੇ ਕਾਰਨ ਉਸ ਨੇ ਇਹ ਕਦਮ ਚੁੱਕ ਲਿਆ। ਮ੍ਰਿਤਕ ਆਪਣੇ ਪਿੱਛੇ ਮਾਤਾ ਪਿਤਾ ਤੋਂ ਇਲਾਵਾ ਇੱਕ ਭਰਾ ਤੇ ਦੋ ਭੈਣਾਂ ਛੱਡ ਗਿਆ ਹੈ। ਜਾਂਚ ਅਧਿਕਾਰੀ ਨੇ ਕਿਹਾ ਕਿ ਕੱਲ ਪੋਸਟਮਾਰਟਮ ਕਰਾਉਣ ਉਪਰੰਤ ਲਾਸ਼ ਵਾਰਸਾਂ ਨੂੰ ਸੌਂਪੀ ਜਾਵੇਗੀ।

ਅੰਗਹੀਣ ਵਿਅਕਤੀਆਂ ਨੂੰ ਬਨਾਵਟੀ ਅੰਗ ਮੁਹੱਈਆ ਕਰਵਾਉਣ ਲਈ ਮਾਪ ਕੈਂਪ 26 ਨੂੰ

ਮਾਨਸਾ (ਗੀਤਵਾਲ)-ਨਰਾਇਣ ਸੇਵਾ ਸੰਸਥਾਨ ਵੱਲੋਂ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ ਅੰਗਹੀਣ ਵਿਅਕਤੀਆਂ ਨੂੰ ਬਨਾਵਟੀ (ਨਕਲੀ) ਅੰਗ ਮੁਹੱਈਆ ਕਰਵਾਉਣ ਲਈ ਮਾਪ ਕੈਂਪ 26 ਮਾਰਚ ਦਿਨ ਐਤਵਾਰ ਨੂੰ ਬਠਿੰਡਾ 'ਚ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਿੱਗ ਹੋਪ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਕੁਮਾਰ ਨੇ ਦੱਸਿਆ ਕਿ ਕੈਂਪ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹਨ ਅਤੇ ਲੋੜਵੰਦ ਅੰਗਹੀਣ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਚੱਲ ਰਹੀ ਹੈ । ਵੱਧ ਤੋਂ ਵੱਧ ਦਿਵਿਆਂਗ ਵਿਅਕਤੀ ਇਸ ਕੈਂਪ ਦਾ ਲਾਭ ਲੈਣ ਲਈ ਸੰਸਥਾ ਦੇ ਕਿਸੇ ਵੀ ਮੈਂਬਰ ਨਾਲ ਸੰਪਰਕ ਕਰ ਕੇ ਆਪਣਾ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ । ਜਿਸ ਵਿੱਚ ਅੰਗਾਂ ਤੋਂ ਸੱਖਣੇ ਅੰਗਹੀਣ ਵਿਅਕਤੀਆਂ ਦੇ ਅੰਗਾਂ ਦਾ ਮਾਪ ਲਿਆ ਜਾਵੇਗਾ ਅਤੇ ਆਪਰੇਸ਼ਨ ਲਈ ਚੋਣ ਕੀਤੀ ਜਾਵੇਗੀ । ਸੰਸਥਾ ਦੇ ਜਨਰਲ ਸਕੱਤਰ ਕੁਲਵਿੰਦਰ ਸਿੰਘ ਨੇ ਕਿਹਾ ਕਿ ਇਹ ਕੈਂਪ ਬਿੱਗ ਹੋਪ ਫਾਊਂਡੇਸ਼ਨ ਬਰੇਟਾ, ਯੁਵਾ ਟਰੱਸਟ ਪੰਜਾਬ ਅਤੇ ਆਦਰਸ਼ ਨਗਰ ਵੈਲਫ਼ੇਅਰ ਸੋਸਾਇਟੀ ਬਠਿੰਡਾ ਦੇ ਸਹਿਯੋਗ ਨਾਲ ਖਾਲਸਾ ਗੁਰਮਤਿ ਵਿਦਿਆਲਿਆ ਆਦਰਸ਼ ਨਗਰ ਵਾਰਡ ਨੰਬਰ ਇੱਕ ਸਿਵਿਆਂ ਰੋਡ ਗਿੱਲ ਪੱਤੀ ਬਠਿੰਡਾ ਵਿਖੇ ਲਗਾਇਆ ਜਾ ਰਿਹਾ ਹੈ । ਸੰਸਥਾ ਦੇ ਸਲਾਹਕਾਰ ਸ਼ੰਕਰ ਕੁਮਾਰ ਨੇ ਦੱਸਿਆ ਕਿ ਕੈਂਪ ਦੌਰਾਨ ਮਰੀਜ਼ ਆਪਣੇ ਅਧਾਰ ਕਾਰਡ ਦੀ ਫੋਟੋ ਕਾਪੀ, ਅੰਗਹੀਣ ਸਰਟੀਫਿਕੇਟ ਦੀ ਕਾਪੀ ਅਤੇ ਆਪਣੀ ਅਪੰਗਤਾ ਨੂੰ ਦਰਸਾਉਂਦੀਆਂ 2 ਫੋਟੋ ਜ਼ਰੂਰ ਲੈ ਕੇ ਆਉਣ ।

ਬਾਬਾ ਈਸਰ ਸਿੰਘ ਜੀ ਦੇ ਪਰਿਵਾਰ ਵੱਲੋਂ ਮੁਬਾਰਕਾਂ

ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)-ਨਾਨਕਸਰ ਸੰਪ੍ਰਦਾਇ ਦੇ ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਪਰਿਵਾਰ ਵੱਲੋਂ ਬਾਬਾ ਈਸਰ ਸਿੰਘ ਜੀ ਦੇ ਜਨਮ ਦਿਨ ਦੀਆਂ ਨਾਨਕਸਰ ਸੰਪ੍ਰਦਾਇ ਦੇ ਸਮੂਹ ਮਹਾਂਪੁਰਸ਼ਾਂ, ਸੰਗਤਾਂ ਨੂੰ ਕੋਟਿਨ ਕੋਟਿਨ ਮੁਬਾਰਕਾਂ, ਕੋਟਿਨ ਕੋਟਿਨ ਮੁਬਾਰਕਾਂ ਜੀ। ਇਸ ਮੌਕੇ ਬਾਬਾ ਜੀ ਦਾ ਪਰਿਵਾਰ ਮਾਤਾ ਗੁਰਦੇਵ ਕੌਰ, ਬਾਬਾ ਜੀ ਦੇ ਭਤੀਜੇ ਬਾਬਾ ਹਰਚੰਦ ਸਿੰਘ, ਬਾਬਾ ਗੁਰਮੁੱਖ ਸਿੰਘ, ਬਾਬਾ ਹਰਪਾਲ ਸਿੰਘ, ਬਾਬਾ ਜੀ ਦੇ ਪੋਤਰੇ ਰਣਜੀਤ ਸਿੰਘ, ਪਰਮਿੰਦਰ ਸਿੰਘ, ਗੁਰਜਿੰਦਰ ਸਿੰਘ, ਚਰਨਜੀਤ ਸਿੰਘ, ਅਮਰਜੀਤ ਸਿੰਘ, ਸਮਸੇਰ ਸਿੰਘ, ਗੁਰਦੀਪ ਸਿੰਘ ਆਦਿ ਹਾਜ਼ਰ ਸਨ।

23 ਮਾਰਚ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਵੱਖ-ਵੱਖ ਥਾਈਂ ਖ਼ੂਨਦਾਨ ਕੈਂਪ

ਫਰੀਦਕੋਟ

ਨਾਭਾ

ਪਾਤੜਾਂ

ਫਰੀਦਕੋਟ (ਐਲਿਗਜੈਂਡਰ ਡਿਸੂਜਾ)

23 ਮਾਰਚ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਯਾਦ ਨੂੰ ਸਮਰਪਤ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫਰੀਦਕੋਟ ਤੇ ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਫਰੀਦਕੋਟ ਵੱਲੋਂ ਖ਼ੂਨਦਾਨ ਕੈਂਪ ਬਲੱਡ ਬੈਂਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਲਗਾਇਆ ਗਿਆ। ਕਲਮਾਂ ਦੇ ਰੰਗ ਸਾਹਿਤ ਸਭਾ ਫਰੀਦਕੋਟ ਦੇ ਚੇਅਰਮੈਨ ਸ੍. ਬੀਰਇੰਦਰ ਸਿੰਘ ਸਰਾਂ, ਪ੍ਰਧਾਨ ਸ਼ਿਵਨਾਥ ਦਰਦੀ ਤੇ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਫਰੀਦਕੋਟ ਦੇ ਸਰਪ੍ਰਸਤ ਗੁਰਜੀਤ ਸਿੰਘ ਹੈਰੀ ਢਿੱਲੋਂ ਤੇ ਐਡਵੋਕੇਟ ਰਾਜਵਿੰਦਰ ਬਰਾੜ ਨੇ

page-6-25-(MARCH)-2023-G-(BV).qxd 3/24/2023 10:06 PM Page 1

ਨੀਵੇਂ ਇਲਾਕਿਆਂ 'ਚ ਕਣਕ ਦੀ ਫਸਲ ਵਾਲੇ ਖੇਤਾਂ 'ਚੋਂ ਵਾਧੂ ਪਾਣੀ ਬਾਹਰ ਕੱਢ ਦੇਣਾ ਚਾਹੀਦਾ : ਡਾ. ਅਮਰੀਕ ਸਿੰਘ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਬਹਾਰ ਰੁੱਤ ਦੇ ਗੰਨੇ ਦੀ ਬਿਜਾਈ ਦੀਆਂ ਨਵੀਨਤਮ ਕਾਸ਼ਤਕਾਰੀ ਤਕਨੀਕਾਂ ਅਤੇ ਗੰਨੇ ਦੀ ਫਸਲ ਹੇਠ ਰਕਬਾ ਵਧਾਉਣ ਨੂੰ ਉਤਸ਼ਾਹਿਤ ਕਰਨ ਲਈ ਗੰਨਾ ਸ਼ਾਖਾ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਬਲਾਕ ਕਾਦੀਆਂ ਦੇ ਪਿੰਡ ਲੀਲਕਲਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਐਗਰੀਕਲਚਰ ਟੈਕਨਾਲੋਜੀ ਪ੍ਰਬੰਧਨ ਏਜੰਸੀ (ਆਤਮਾ) ਤਹਿਤ ਲਗਾਏ ਗਏ ਇਸ ਕੈਂਪ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਜ਼ਿਲ੍ਹਾ ਸਿਖਲਾਈ ਅਫ਼ਸਰ ਨੇ ਕੀਤੀ। ਇਸ ਮੌਕੇ ਡਾ. ਹਰਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ, ਡਾ. ਦਿਲਰਾਜ ਸਿੰਘ, ਡਾ. ਮਿੱਤਰਮਾਨ ਸਿੰਘ ਖੇਤੀਬਾੜੀ ਵਿਕਾਸ ਅਫਸਰ (ਗੰਨਾ), ਕੁਲਦੀਪ ਸਿੰਘ ਖੇਤੀਬਾੜੀ ਵਿਸਥਾਰ ਅਫਸਰ, ਮਨਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਲਵਲੀ ਮਾਸਟਰ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ। ਕੈਂਪ ਵਿੱਚ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਮੌਸਮ ਦੇ ਬਦਲ ਰਹੇ ਮਿਜਾਜ ਨੂੰ ਮੱਦੇਨਜ਼ਰ ਰੱਖਦਿਆਂ ਹਾੜ੍ਹੀ ਦੀਆਂ ਫਸਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਨਾਂ ਕਿਹਾ ਕਿ ਸਰ੍ਹੋਂ ਦੀ ਕਟਾਈ ਫਿਲਹਾਲ ਰੋਕ ਦੇਣੀ ਚਾਹੀਦੀ ਹੈ ਅਤੇ ਕਣਕ ਦੀ ਫਸਲ ਵਿਚ ਜੇਕਰ ਬਰਸਾਤ ਦਾ ਪਾਣੀ ਇਕੱਠਾ ਹੋ ਜਾਂਦਾ ਹੈ ਤਾਂ ਵਾਧੂ ਪਾਣੀ ਨੂੰ ਤੁਰੰਤ ਪ੍ਰਭਾਵ ਤੋਂ ਬਾਹਰ ਕੱਢ ਦੇਣਾ ਚਾਹੀਦਾ ਤਾਂ ਕਣਕ ਦੀ ਫਸਲ ਨੂੰ ਨੁਕਸਾਨ ਨਾ ਹੋਵੇ। ਉਨਾਂ ਕਿਹਾ ਕਿ ਗੰਨੇ ਦੀ ਪ੍ਰਤੀ ਹੈਕਟੇਅਰ ਪੈਦਾਵਾਰ ਅਤੇ ਖੰਡ ਦੀ ਰਿਕਵਰੀ ਵਧਾਉਣ ਲਈ ਜ਼ਰੂਰੀ ਹੈ ਕਿ ਗੰਨੇ ਦੀ ਫਸਲ ਤੋਂ ਖੇਤੀ ਲਾਗਤ ਖਰਚੇ ਘਟਾ ਕੇ ਵਧੇਰੇ ਪੈਦਾਵਾਰ ਲੈਣ ਲਈ ਨਵੀਨਤਮ ਕਾਸ਼ਤਕਾਰੀ ਤਕਨੀਕਾਂ ਅਪਨਾਈਆਂ ਜਾਣ। ਉਨਾਂ ਕਿਹਾ ਕਿ ਭਵਿੱਖ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦਿਆਂ ਗੰਨੇ ਦੇ ਬੀਜ ਵਾਲੀ ਫਸਲ ਵੱਖਰੇ ਖੇਤ ਵਿੱਚ ਬੀਜਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਕਟਾਈ ਸਮੇਂ ਅੱਗ ਲੱਗਣ ਦੀਆਂ ਦੁਰਘਟਨਾਵਾਂ ਤੋਂ ਬਚਣ ਲਈ ਜ਼ਰੂਰੀ ਸਾਵਧਾਨੀਆਂ ਦਾ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਰਹਿੰਦੇ ਬਿਜਲੀ ਦੀਆਂ ਢਿੱਲੀਆਂ ਤਾਰਾਂ ਨੂੰ ਕਸਵਾ ਲੈਣਾ ਚਾਹੀਦਾ।

ਡਾ. ਹਰਮਨਦੀਪ ਸਿੰਘ ਨੇ ਕਿਹਾ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਦਾਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਗਰਮੀ ਰੁੱਤ ਦੇ ਮਾਹਾਂ ਦੀ ਬਿਜਾਈ ਅੱਧ ਅਪ੍ਰੈਲ ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪ੍ਰਤੀ ਏਕੜ 20 ਕਿਲੋ ਮਾਹਾਂ ਦੇ ਬੀਜ ਨੂੰ ਡਰਿੱਲ ਨਾਲ ਕੇਰ ਦੇਣਾ ਚਾਹੀਦਾ ਹੈ।

ਡਾ. ਮਿੱਤਰਮਾਨ ਸਿੰਘ ਨੇ ਕਿਹਾ ਕਿ ਗੰਨੇ ਦੀਆਂ ਦੋ ਕਤਾਰਾਂ ਵਿਚਕਾਰ ਦਾਲਾਂ (ਗਰਮੀ ਰੁੱਤ ਦੇ ਮਾਂਹ ਜਾਂ ਮੂੰਗੀ) ਦੀਆਂ ਦੋ ਕਤਾਰਾਂ ਦੀ ਕਾਸਤ ਕਰਕੇ ਵਾਧੂ ਆਮਦਨ ਦੇ ਨਾਲ-ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਤੀ ਏਕੜ ਭਾਰੇ ਅਤੇ ਵਧੇਰੇ ਗੰਨੇ ਪ੍ਰਾਪਤ ਕਰਨ ਲਈ ਦੋ ਕਤਾਰੀ ਖ਼ਾਲੀ ਵਿਧੀ ਅਪਨਾਈ ਜਾਣੀ ਚਾਹੀਦੀ ਹੈ। ਉਨਾਂ ਕਿਹਾ ਕਿ ਇਸ ਵਿਧੀ ਰਾਹੀਂ ਬਿਜਾਈ ਕਰਨ ਨਾਲ ਸਿੰਚਾਈ ਵਾਲੇ ਪਾਣੀ ਦੀ ਬੱਚਤ, ਫ਼ਸਲ ਦੀ ਸੌਖੀ ਬੰਨਾਈ ਅਤੇ ਝਾੜ ਵਿੱਚ ਵਾਧਾ ਹੁੰਦਾ ਹੈ। ਡਾ. ਦਿਲਰਾਜ ਸਿੰਘ ਨੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਲਾਭਪਾਤਰੀਆਂ ਦੀ ਕਿਸ਼ਤ ਰੁਕੀ ਹੈ। ਉਨ੍ਹਾਂ ਨੂੰ ਈ, ਕੇ ਵਾਈ ਸੀ ਕਰਵਾ ਲੈਣੀ ਚਾਹੀਦੀ ਹੈ। ਕੁਲਦੀਪ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਹਾ ਕਿ ਜ਼ਿਲਾ ਗੁਰਦਾਸਪੁਰ ਵਿੱਚ ਬਾਸਮਤੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਹਰੇਕ ਦੋ ਪਿਡਾਂ ਪਿੱਛੇ ਕਿਸਾਨ ਮਿੱਤਰ ਨਿਯੁਕਤ ਕੀਤੇ ਜਾ ਰਹੇ ਹਨ। ਡਾ. ਪਰਮਬੀਰ ਸਿੰਘ ਕਾਹਲੋਂ ਖੇਤੀਬਾੜੀ ਵਿਕਾਸ ਅਫਸਰ ਨੇ ਸਟੇਜ ਸਕੱਤਰ ਦੇ ਫਰਜ਼ ਬਾਖੂਬੀ ਨਿਭਾਏ।

ਐਕਸਿਸ ਮਿਉਚੁਅਲ ਫੰਡ ਵੱਲੋਂ ਨਵੇਂ ਫੰਡ ਦੀ ਪੇਸ਼ਕਸ਼

ਲੁਧਿਆਣਾ : ਭਾਰਤ ਵਿੱਚ ਸਭ ਤੋਂ ਤੇਜੀ ਨਾਲ ਵਧ ਰਹੇ ਫੰਡ ਹਾਊਸਾਂ ਵਿੱਚੋਂ ਇੱਕ ਐਕਸਿਸ ਮਿਉਚੁਅਲ ਫੰਡ ਨੇ ਆਪਣੀ ਨਵੀਂ ਫੰਡ ਪੇਸਕਸ-ਐਕਸਿਸ ਐਸਐਂਡਪੀ 500 ਈਟੀਐੱਫ ਫੰਡ ਆਫ ਫੰਡ (ਐਕਸਚੇਂਜ ਟਰੇਡਡ ਫੰਡਾਂ ਵਿੱਚ ਫੰਡ ਨਿਵੇਸ਼ ਕਰਨ ਵਾਲਾ ਇੱਕ ਓਪਨ ਐਂਡ ਫੰਡ, ਐਸਐਂਡਪੀ 500 ਟੀਆਰਆਈ ਟਰੈਕਿੰਗ ਗਲਤੀਆਂ ਦੇ ਅਧੀਨ) ਨੂੰ ਲਾਂਚ ਕਰਨ ਦੀ ਘੋਸ਼ਣਾ ਕੀਤੀ। ਨਵਾਂ ਫੰਡ ਐਸਐਂਡਪੀ 500 ਟੀਆਰਆਈ (ਰੁਪਏ) ਬੈਂਚਮਾਰਕ ਦਾ ਪਾਲਣ ਕਰੇਗਾ। ਵਿਨਾਇਕ ਜੈਨਾਥ ਫੰਡ ਦਾ ਪ੍ਰਬੰਧਨ ਕਰਨਗੇ ਅਤੇ ਘੱਟੋ-ਘੱਟ ਨਿਵੇਸ਼ ਰਾਸ਼ੀ 500 ਰੁਪਏ ਹੈ। ਉਸ ਤੋਂ ਬਾਅਦ 1 ਰੁਪਏ ਦੇ ਗੁਣਜਾਂ ਵਿੱਚ ਨਿਵੇਸ਼ ਕੀਤਾ ਜਾ ਸਕਦਾ ਹੈ। ਐਕਸਿਸ ਏਐੱਮਸੀ ਦੇ ਐੱਮਡੀ ਅਤੇ ਸੀਈਓ, ਚੰਦਰੇਸ਼ ਨਿਗਮ ਨੇ ਕਿਹਾ ਕਿ ਭਾਰਤ ਵਿੱਚ ਪੈਸਿਵ ਰਣਨੀਤੀਆਂ ਵਿੱਚ ਨਿਵੇਸ਼ ਕਰਨ ਦੇ ਵੱਖ-ਵੱਖ ਸਾਧਨਾਂ ਵਿੱਚ ਈਟੀਐੱਫ ਜਲਦੀ ਹੀ ਪ੍ਰਸਿੱਧ ਹੋ ਰਹੇ ਹਨ

ਸ੍ਰੀ ਕਰਤਾਰਪੁਰ ਸੰਘਰਸ਼ ਕਮੇਟੀ 6 ਨੂੰ ਕੱਢੇਗੀ ਵਿਸ਼ਾਲ ਰੋਸ ਮਾਰਚ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਕਰਤਾਰਪੁਰ ਸੰਘਰਸ਼ ਕਮੇਟੀ ਦੀ ਮੀਟਿੰਗ ਜਨਰਲ ਸੈਕਟਰੀ ਹਰਬੀਰ ਸਿੰਘ ਰਮਦਾਸ ਅਤੇ ਪ੍ਰਧਾਨ ਵਿਜੇ ਕੁਮਾਰ ਸੋਨੀ ਮੋਹਲੋਵਾਲੀ ਦੀ ਪ੍ਰਧਾਨਗੀ ਹੇਠ ਸੋਨੀ ਪੈਟਰੋਲ ਪੰਪ ਕੋਟਲੀ ਸੂਰਤ ਮੱਲ੍ਹੀ ਵਿਖੇ ਹੋਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਫੋਕਲੋਰ ਰਿਸਰਚ ਅਕਾਦਮੀ ਦੇ ਪ੍ਰਧਾਨ ਨੇ ਦੱਸਿਆ ਕਿ 9 ਨਵੰਬਰ 2019 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਡੇਰਾ ਬਾਬਾ ਨਾਨਕ ਤੋਂ ਖੋਲ੍ਹੇ ਗਏ ਲਾਂਘਾ ਸ੍ਰੀ ਕਰਤਾਰਪੁਰ ਸਾਹਿਬ ਦਾ ਦੋਵਾਂ ਦੇਸ਼ਾਂ ਦੀਆਂ ਸ੍ਰੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਪੁਰਜ਼ੋਰ ਸਵਾਗਤ ਕੀਤਾ ਸੀ।

ਉਸ ਸਮੇਂ ਇਹ ਆਸ ਬਣ ਗਈ ਸੀ ਕਿ ਸੰਗਤਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਬਿਨਾਂ ਕਿਸੇ ਰੋਕ ਟੋਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦਿਦਾਰੇ ਕਰਕੇ ਆ ਜਾ ਸਕਣਗੀਆਂ ਪਰ ਸਰਕਾਰ ਨੇ ਬੇਹੱਦ ਕਠਿਨ ਸ਼ਰਤਾਂ ਪਾਸਪੋਰਟ, 20 ਡਾਲਰ ਫੀਸ ਅਤੇ ਆਨਲਾਈਨ ਪ੍ਰਕਿਰਿਆ ਨੇ ਸ਼ਰਧਾਲੂਆਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਮੀਟਿੰਗ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ 6 ਅਪਰੈਲ ਨੂੰ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਸਰਕਾਰਾਂ ਵਿਰੁੱਧ ਇਲਾਕੇ ਦੀਆਂ ਸੰਗਤਾ, ਕਿਸਾਨ ਜਥੇਬੰਦੀਆਂ, ਸਮਾਜ ਸੇਵੀਆਂ ਅਤੇ ਸਰਕਾਰੀ ਸਕੂਲਾਂ ਦੇ ਸਹਿਯੋਗ ਨਾਲ ਰੋਸ ਮਾਰਚ ਕੱਢਿਆ ਜਾਵੇਗਾ ਤਾਂ ਕਿ ਸੰਗਤਾਂ ਸੌਖੇ ਤਰੀਕੇ ਨਾਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣ। ਇਸ ਮੌਕੇ ਪ੍ਰਧਾਨ ਵਿਜੇ ਕੁਮਾਰ ਸੋਨੀ, ਦਿਲਬਾਗ ਸਿੰਘ ਸਰਕਾਰੀਆ, ਪ੍ਰਭਜੋਤ ਸਿੰਘ ਭੱਲਾ, ਸਰਪੰਚ ਰਣਜੀਤ ਸਿੰਘ ਅਵਾਨ, ਕਾਮਰੇਡ ਮਨਜੀਤ ਸਿੰਘ, ਹਰਮਿੰਦਰ ਸਿੰਘ ਭੁੱਲਰ, ਹਰਜੀਤ ਸਿੰਘ ਸਰਕਾਰੀਆ, ਮਨਜੀਤ ਸਿੰਘ ਧਾਲੀਵਾਲ, ਹਰਚਰਨ ਸਿੰਘ ਬਾਜਵਾ, ਨੰਬਰਦਾਰ ਨਰਿੰਦਰ ਸਿੰਘ ਮਲਕਪੁਰ, ਸੁਖਜੀਤ ਸਿੰਘ, ਸ਼ਮਸ਼ੇਰ ਸਿੰਘ, ਮਾਸਟਰ ਕਰਮਜੀਤ ਸਿੰਘ, ਸੁਖਦੀਪ ਸਿੰਘ ਸਰਪੰਚ, ਡਿੰਪਲ ਕੁਮਾਰ, ਚਰਨਪ੍ਰੀਤ ਬੇਦੀ, ਗੁਰਪ੍ਰੀਤ ਗੋਪੀ, ਪ੍ਰਭ ਢਿੱਲੋਂ, ਬਾਬਾ ਨਿਰਮਲ ਸਿੰਘ, ਅਮਰੀਕ ਸਿੰਘ ਆੜਤੀ ਅਤੇ ਜਗਰੂਪ ਸਿੰਘ ਆੜ੍ਹਤੀ ਆਦਿ ਪਾਜ਼ਰ ਸਨ।

ਬੈਂਸ ਵੱਲੋਂ ਤਿੰਨ ਅਧਿਆਪਕਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਗੁਰਜੀਤ ਬਿੱਲਾ)— ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਜਲਾਲਾਬਾਦ ਨਜਦੀਕ ਪੈਂਦੇ ਪਿੰਡ ਪਿੰਡ ਖਾਈ ਫੇਮੇ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਤਿੰਨ ਅਧਿਆਪਕ ਅਤੇ ਵਾਹਨ ਚਾਲਕ ਦੀ ਮੌਤ 'ਤੇ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਆਪਣੇ ਸ਼ੋਕ ਸੁਨੇਹੇ ਵਿੱਚ ਕਿਹਾ ਕਿ ਹਾਈ ਸਕੂਲ ਅਧਿਆਪਕ ਕੰਚਨ, ਪ੍ਰਿੰਸ ਅਤੇ ਮਨਿੰਦਰ ਦੀ ਇਸ ਹਾਦਸੇ ਵਿੱਚ ਮੌਤ ਨਾਲ ਸਕੂਲ ਸਿੱਖਿਆ ਵਿਭਾਗ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਉਨ੍ਹਾਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਅਤੇ ਪਿੱਛੇ ਪਰਵਾਰਕ ਮੈਂਬਰਾਂ , ਦੋਸਤਾਂ ਨੂੰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ। ਉਨ੍ਹਾਂ ਇਸ ਹਾਦਸੇ ਵਿੱਚ ਜਖਮੀ ਹੋਏ ਅਧਿਆਪਕਾਂ ਦੀ ਸਹੀ ਸਾਂਭ ਸੰਭਾਲ ਨੂੰ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ।

ਦਫਤਰ ਨਗਰ ਕੌਂਸਲ ਤਰਨ ਤਾਰਨ ਜ਼ਿਲ੍ਹਾ ਤਰਨ ਤਾਰਨ

ਕੋਰੀਜੰਡਮ

ਨਗਰ ਕੌਂਸਲ ਤਰਨ ਤਾਰਨ ਵੱਲੋਂ 90 ਸਫਾਈ ਸੇਵਕ ਅਤੇ 25 ਸੀਵਰਮੈਨ ਕੰਟਰੈਕਟ ਬੇਸ 'ਤੇ ਭਰਤੀ ਕਰਨ ਲਈ ਮਿਤੀ 24.3.2023 ਤੱਕ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਪ੍ਰਬੰਧਕੀ ਹਿੱਤਾਂ ਕਾਰਨ ਇਹ ਦਰਖਾਸਤਾਂ ਲੈਣ ਦੀ ਮਿਤੀ ਵਿੱਚ ਵਾਧਾ ਕੀਤਾ ਜਾਂਦਾ ਹੈ ਅਤੇ ਹੁਣ ਇਹ ਦਰਖਾਸਤਾਂ ਮਿਤੀ 31.3.2023 ਸ਼ਾਮ 5.00 ਵਜੇ ਤੱਕ ਲਈਆਂ ਜਾਣਗੀਆਂ। ਬਾਕੀ ਦੀਆਂ ਸ਼ਰਤਾਂ ਪਹਿਲਾਂ ਵਾਲੀਆਂ ਰਹਿਣਗੀਆਂ।

ਸਹੀ/-
ਪ੍ਰਬੰਧਕ,
ਨਗਰ ਕੌਂਸਲ ਤਰਨ ਤਾਰਨ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਕੌਂਸਲ ਤਰਨ ਤਾਰਨ।

ਨੰਬਰ 373/ਮਿਤੀ : 24.3.2023

Court Notice

In the Court of Sh. Ajay Pal Singh Addl. Civil Judge Senior Division, Faridkot.
CNR No. PBFD02-000482-2017
Next Date : 10.5.2023
Jaswinder Singh
Versus
Balwant Kaur & others
Application under order 39 rule 2-A CPC
Publication issued to : Jaswinder Singh now deceased through LR No. 02 (IB) Harbans Kaur W/o Gurcharan Singh S/o Hakam Singh R/o Vill. Allam Wala, Tehsil Baghapurana, Distt. Moga.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 10.5.2023 at 10.00 a.m.
For details logon to https://highcourtchd.gov.in/?trs=district notice&district=Faridkot
Addl. Civil Judge Senior Division, Faridkot.
Dated, this day of 23.3.2023

Court Notice

In the Court of Sh. Manu Mittu Civil Judge (Junior Division), Ludhiana.
CNR No. PBLD02-007699-2022
Next Date : 26.4.2023
Jagdev Singh @ Jagdev Singh Huck
Versus
Kewal Singh
Publication issued to : Defendant No. 3. Teja Singh S/o Dalip Singh 4. Rajni Kaur W/o Sukhwinder Singh 5. Jaswant Kaur W/o Mohinder Singh All R/o Vill. Jhameri, Tehsil and Distt. Ludhiana.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 26.4.2023 at 10.00 a.m.
For details logon to https://highcourtchd.gov.in/?trs=district notice&district=Ludhiana
Civil Judge (Junior Division), Ludhiana.
Dated, this day of 11.3.2023

Court Notice

In the Court of Sh. Tarunpreet Singh Judicial Magistrate-Ist Class, Ludhiana.
CNR No. PBLD03-005513-2019
Next Date : 4.5.2023
COMA No. 2115/2019
IDFC First Bank Limited
Versus
Sudhanshu Kumar
Publication issued to : Sudhanshu Kumar R/o Rohla Samrala, Malwa Restorent Samrala
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 4.5.2023 at 10.00 a.m.
For details logon to https://highcourtchd.gov.in/?trs=district notice&district=Ludhiana
Judicial Magistrate-Ist Class, Ludhiana
Dated, this day of 17.3.2023

Court Notice

In the Court of Sh. Sanjay Agnihotri Addl. Distt. and Sessions Judge, Rupnagar
CNR No. PBRO01-001713-2022
Next Date : 25.4.2023
Charan Singh
Versus
Nachattar Singh
Petition u/s
Publication issued to : Baljinder Singh F/o Gian Singh Vill. Chintgarh, Tehsil Chamkaur Sahib, Distt. Ropar.
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 25.4.2023 at 10.00 a.m.
For details logon to https://highcourtchd.gov.in/?trs=district notice&district=Ropar
Addl. Distt. and Session Judge, Rupnagar
Dated, this day of 22.3.2023

Court Notice

(Under Guardian and ward act)
In the Court of Ms. Surekha Dadwal Addl. Civil Judge (Senior Division), Barnala.
CNR No. PBBR02-001668-2022
Next Date : 1.4.2023
Sukhpal Singh
Versus
General Public
Application U/S 8 Hindu Minority and Guardianship Act
Notice to : General Public Distt. Barnala (Application U/S 8 of Hindu Minority and Guardianship Act)
In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.4.2023 at 10.00 a.m.
For details logon to https://highcourtchd.gov.in/?trs=district notice&district=Barnala
Addl. Civil Judge (Senior Division), Barnala.
Dated, this day of 22.3.2023

Change of Name

I, Nirmal Kaur w/o Surinder Pal r/o 201, Vill. Paragpur, Po. Dhanowali, Tehsil & Distt. Jalandhar, Punjab have changed of my name from Nirmal Kaur to Nirmala. All Please Note.

I, Usha w/o Napinderjit Singh Gill r/o H.No. 73A, SAS Nagar, Mithapur Road, Jalandhar, Punjab-144003 have changed my name as Usha Desh Raj. All Please Note.

I, Sunil Kumar s/o Shangara Ram r/o H.No. 19, Tanda Road, Ajit Nagar, Jalandhar, Punjab-144004 have changed my name as Kumar Sunil. All Please Note.

I, Poonam w/o Ajay Paul r/o Ward No. 4, Balachaur, Distt. SBS Nagar, Punjab have changed my minor daughter name from Hazel to Hazel Paul (Surname as Paul) All Please Note.

I, Ambika d/o Rajvinder Singh r/o Gali No. 1, New Guru Nanak Nagar, Jalandhar, Punjab have changed my name from Ambika to Ambika Gill. All Please Note.

I, Jasbir w/o Manga Ram r/o Vill. Johal, Po. Bolina Doaba, Distt. Jalandhar, Punjab have changed my name from Jasbir To Jasveer Kaur. All Please Note.

I, Avneet Kaur w/o Bhanwar Bir Singh r/o 29-R/B Block Model House, Jalandhar have changed my name to Kaur Avneet (Surname as Kaur) All Please Note.

I, Rajbir Singh Sidhu S/o Surat Singh R/o VPO. Bhoa, Distt. Pathankot, Punjab, Have Changed My Name From Rajbir Singh Sidhu To Rajbir Singh. All Please Note.

I, Bijender S/o Sadhu Ram R/o H.No.405/30, Dev Colony, Rohtak, Haryana-124001, have changed my name and shall hereafter be Known as Vijender. All Please Note.

I, Hari Om alias Hariom S/o Udham Singh R/o Kalaka (177), Rewari, Haryana-123401, have changed my name and shall hereafter be Known as Hariom Yadav. All Please Note.

Court Notice

In the Court of Shri Harsimranjit Singh Civil Judge (Senior Division) Ludhiana.
CNR No. PBLD02-001394-2023
Peshi : 27.4.2023
Gurpreet Singh Gogia
Versus
General Public
Petition for grant of Succession Certificate
Publication issued to : General Public
Whereas the above named petitioner Gurpreet Singh Gogia has filed petition for the grant of Succession Certificate regarding the assets left by the deceased Sh. Manmohan Singh Gogia who died on 13.9.2022
Notice is issued in the name of General Public that in case anybody has any objection for the grant of succession certificate, he/she can file objection to the same on or before 27.4.2023, failing which the petition shall be decided in accordance with law.
Given under my hand and the seal of the Court this 15.3.2023
For details logon to https://highcourtchd.gov.in/?trs=district notice&district=Ludhiana.
Civil Judge (Senior Division) Ludhiana

Criminal Courts, Ludhiana.

In the Court of Shri Harsimranjit Singh Civil Judge (Senior Division) Ludhiana.
CNR No. PBLD02-002099-2023
Peshi : 2.5.2023
Gurmukh Singh
Versus
General Public
Petition for grant of Succession Certificate
Publication issued to : General Public
Whereas the above named petitioner Gurmukh Singh has filed petition for the grant of Succession Certificate regarding the assets left by the deceased Sh. Raghubir Singh who died on 15.6.2022
Notice is issued in the name of General Public that in case anybody has any objection for the grant of succession certificate, he/she can file objection to the same on or before 2.5.2023, failing which the petition shall be decided in accordance with law.
Given under my hand and the seal of the Court this 15.3.2023
For details logon to https://highcourtchd.gov.in/?trs=district notice&district=Ludhiana.
Civil Judge (Senior Division) Ludhiana

Criminal Courts, Ludhiana.

In the Court of Ms. Prabha Prashar Judicial Magistrate-Ist Class Ludhiana
CNR No. PBLD030564322017
Peshi : 10.5.2023
Publication notice for proclamation under section 82 CR.PC
Axis Bank Ltd
Versus
Imran Khan
Petition U/S 138 of Negotiable Instruments Act, 1881 Amended upto date
Notice to : 1. Imran Khan 1046 Mori Gate Manimajra Chandigarh India 2. Address Choice Interior Work Shop No. 12 Shree Sai Market Dhauli Zirakpur, Punjab.
Whereas it has been proved to the satisfaction of this Court that the accused above named cannot be served in the ordinary way of service. Hence this proclamation under section 82 CRPC hereby issued against him/them and should appear personally or through their counsel on 10.5.2023 at 10.00 a.m.
Take notice that, in default of his/their appearance on the day before mentioned, the above said case will be heard and determined in his/their absence.
Given under my hand and the seal of the Court.
For details logon to https://highcourtchd.gov.in/?trs=district notice&district=Ludhiana
Judicial Magistrate-Ist Class Ludhiana

ਕਲਾਸੀਫਾਈਡ ਇਸ਼ਤਿਹਾਰ

Public Notice

I, Ramesh Chander S/o Ram Dhan R/o H.No. 222, New Abadi, Jallowal, Jalandhar, have disinherited my son Ravi Pal from all moveable and immovable property due to out of control. Whosoever shall deal with him shall be dealing at own risk and responsibility. I shall not be hold responsibal for the same. Concerned note. (7276)

It is for general information that I, Deepak S/o Harjit Singh R/o Rehana Jattan, Phagwara, Kapurthala, Punj

25-MAR-PAGE-7.qxd 3/24/2023 9:55 PM Page 1

ਸ਼ਹੀਦੇ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵੱਖ-ਵੱਖ ਥਾਈਂ ਸ਼ਰਧਾਂਜਲੀ ਸਮਾਗਮ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਸਰਬ ਭਾਰਤ ਨੌਜਵਾਨ ਸਭਾ ਤੇ ਸਰਬ ਭਾਰਤ ਵਿਦਿਆਰਥੀ ਸਭਾ ਵੱਲੋਂ 23 ਮਾਰਚ ਦੇ ਮਹਾਨ ਸ਼ਹੀਦਾਂ ਸ਼ਹੀਦੇ-

ਫਾਜ਼ਿਲਕਾ

ਆਜ਼ਮ ਸ੍ਰ: ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਝੰਗੜ ਭੈਣੀ ਤੇ ਤੇਜਾ ਰੁਹੇਲਾ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਸੁਬੇਗ ਝੰਗੜ ਭੈਣੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੌਰਾਨ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸੁਬੇਗ ਸਿੰਘ, ਜਸ਼ਨ, ਇਕਾਈ ਪ੍ਰਧਾਨ ਤੇਜਾ ਰੁਹੇਲਾ, ਸੀਤਾ ਸਿੰਘ, ਸ਼ਿੰਦਰ ਝੰਗੜ ਭੈਣੀ ਤੇ ਸੁਰਿੰਦਰ ਸਿੰਘ ਨੇ ਕਿਹਾ ਕਿ ਸਾਡੇ ਮਹਾਨ ਸ਼ਹੀਦਾਂ ਨੇ ਸਾਡੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਆਪਣਾ ਬਲਿਦਾਨ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਾਡੇ ਮਹਾਨ ਦੇਸ਼ ਭਗਤ ਸ਼ਹੀਦੇ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੇ ਹਰ ਇੱਕ ਨੂੰ ਵਿੱਦਿਆ, ਇਲਾਜ ਤੇ ਰੁਜ਼ਗਾਰ ਦੇ ਬਰਾਬਰ ਮੌਕੇ ਮਿਲਣ ਦੇ ਸੁਪਨੇ ਵੇਖ ਕੇ ਅਪਣੇ ਆਪ ਨੂੰ ਦੇਸ਼ ਕੌਮ ਦੇ ਲੇਖੇ ਲਗਾ ਦਿੱਤਾ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦ ਹੋ ਗਏ, ਪਰ ਵੱਖ-ਵੱਖ ਸਮੇਂ 'ਤੇ ਆਈਆਂ ਕੇਂਦਰ ਤੇ ਸੂਬਾ ਸਰਕਾਰਾਂ ਇਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਅਸਫਲ ਸਾਬਿਤ ਹੋਈਆਂ ਹਨ। ਅੱਜ ਸਾਡੇ ਦੇਸ਼ ਦੇ ਨੌਜਵਾਨ ਬੇਰੋਜ਼ਗਾਰੀ ਕਾਰਨ ਰੁਜ਼ਗਾਰ ਲਈ ਤਰਸ ਰਹੇ ਹਨ। ਉੱਚ ਸਿੱਖਿਆ ਲਈ ਵਿੱਦਿਅਕ ਅਦਾਰਿਆਂ ਨੂੰ ਵਪਾਰ ਦੇ ਧੰਦੇ ਵਜੋਂ ਪੇਸ਼ ਕਰਕੇ ਨੌਜਵਾਨ ਪੀੜ੍ਹੀ ਨੂੰ ਵਿੱਦਿਆ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਸਾਡੀ ਨੌਜਵਾਨ ਪੀੜ੍ਹੀ ਨੂੰ ਕਿ ਉਹ ਸਾਡੇ ਮਹਾਨ ਦੇਸ਼ ਭਗਤਾਂ ਦੇ ਸ਼ਹੀਦੀ ਦਿਨ 'ਤੇ ਪ੍ਰਣ ਕਰਕੇ ਇਨ੍ਹਾਂ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਅੱਗੇ ਆਉਣ। ਇਸ ਮੌਕੇ ਗੁਰਦੀਪ ਸਿੰਘ, ਸੁਨੀਲ ਸਿੰਘ, ਸੁਖਦੇਵ ਸਿੰਘ, ਗੁਰਦੀਪ ਸਿੰਘ, ਸਤਪਾਲ ਸਿੰਘ, ਕਾਲਾ ਸਿੰਘ ਤੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ 23 ਮਾਰਚ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

ਕੋਟ ਈਸੇ ਖਾਂ (ਅਰੋੜਾ) : ਇਲਾਕੇ ਦੀ ਨਾਮਵਰ ਸੰਸਥਾ ਕੈਂਬ੍ਰਿਜ

ਫਾਜ਼ਿਲਕਾ

ਕਾਨਵੈਂਟ ਸਕੂਲ ਵਿਖੇ ਸ੍ਰ. ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਕੈਂਬ੍ਰਿਜ ਸਕੂਲ ਦੇ ਅਧਿਆਪਕਾਂ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਅੱਜ ਦਾ ਇਹ ਦਿਹਾੜਾ ਸ਼ਹੀਦ ਭਗਤ ਸਿੰਘ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਸ਼ਹੀਦ ਭਗਤ ਸਿੰਘ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਸਭ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ਸਾਹਿਬਾਨ ਤੇ ਸਾਰੇ ਅਧਿਆਪਕ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਸ਼ਹੀਦ ਭਗਤ ਸਿੰਘ ਨੇ ਅਪਣੇ ਜੀਵਨ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕੀਤਾ ਸੀ ਤੇ ਸਾਨੂੰ ਸਭ ਨੂੰ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਯੋਧਿਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਆਪਣੀ ਸ਼ਹਾਦਤ ਦਿੱਤੀ ਤੇ ਅੱਜ ਉਨ੍ਹਾਂ ਦੀ ਬਦੌਲਤ ਹੀ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ।

ਮੱਖੂ (ਰਛਪਾਲ ਸਿੰਘ ਸੰਧੂ) : ਸ਼ਹੀਦੀ ਦਿਹਾੜੇ ਮੌਕੇ ਲਕਸੇ ਯੂਥ ਕਲੱਬ

ਮੱਖੂ

ਮੱਖੂ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਲਕਸੇ ਯੂਥ ਕਲੱਬ ਮੱਖੂ ਦੇ ਪ੍ਰਧਾਨ ਰਜੀਵ ਕਪੂਰ, ਰਮੇਸ਼ ਬਜਾਜ ਪ੍ਰਾਣ, ਦਸਮੇਸ਼ ਯੂਥ ਕਲੱਬ ਦੇ ਪ੍ਰਧਾਨ ਹਰਦਵਿੰਦਰ ਸਿੰਘ, ਬਲਦੇਵ ਸਿੰਘ, ਮਲਕੀਤ ਸਿੰਘ, ਸਰਬਜੀਤ ਸਿੰਘ ਗਿੱਲ, ਲਕਸੇ ਕਪੂਰ, ਧਰਮਪਾਲ, ਹਰਗੋਬਿੰਦ ਸਿੰਘ, ਕੁਲਵਿੰਦਰ ਸਿੰਘ, ਰਿਪਲ ਨਾਰੰਗ ਆਦਿ ਨੇ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਦਾ ਅਨੰਦ ਮਾਣ ਰਹੇ ਹਨ। ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਮੰਡਲ ਮੱਖੂ ਵੱਲੋਂ ਵੀ ਭਾਜਪਾ ਜ਼ਿਲ੍ਹਾ ਸਕੱਤਰ ਡਾ. ਰਾਜੀਵ ਅਹੂਜਾ, ਜ਼ਿਲ੍ਹਾ ਕਾਰਜਕਾਰੀ ਮੈਂਬਰ ਰਜੀਵ ਕਪੂਰ ਤੇ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਸੰਦੀਪ ਸਚਦੇਵਾ ਦੀ ਅਗਵਾਈ ਹੇਠ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਬਲਦੇਵ ਸਿੰਘ ਭਾਜਪਾ ਆਗੂ, ਗੁਰਦੇਵ ਸਿੰਘ ਜਨਰਲ ਸਕੱਤਰ, ਡਾ. ਰਮਨ ਕੁਮਾਰ ਸੀਨੀਅਰ ਆਗੂ ਯੁਵਾ ਮੋਰਚਾ, ਰਿਪਲ ਨਾਰੰਗ ਸੋਸ਼ਲ ਮੀਡੀਆ, ਅਮਿਤ ਅਰੋੜਾ ਯੁਵਾ ਪ੍ਰਧਾਨ, ਹਰਦਵਿੰਦਰ ਸਿੰਘ, ਬਲਦੇਵ ਸਿੰਘ, ਬਲਜੀਤ ਸਿੰਘ ਆਦਿ ਹਾਜ਼ਰ ਸਨ।

ਚੀਮਾਂ ਮੰਡੀ (ਰਵਿੰਦਰ ਚੀਮਾ) : ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ

ਮੱਖੂ

ਸ਼ਹਾਦਤ ਦਿਵਸ ਮੌਕੇ ਪ੍ਰਿੰਸੀਪਲ ਡਾ. ਵੀ ਕੇ ਰਾਏ ਦੀ ਦੇਖ ਰੇਖ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸਾਹਿਬ ਨੇ ਭਗਤ ਸਿੰਘ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਭਗਤ ਸਿੰਘ ਮੌਤ ਦਾ ਨਹੀਂ, ਸਗੋਂ ਜ਼ਿੰਦਗੀ ਦਾ ਲਾਡਾ ਸੀ। ਉਹ ਸ਼ਾਂਤੀ ਤੇ ਅਜ਼ਾਦੀ ਭਰੀ ਮਾਨਵੀ ਜ਼ਿੰਦਗੀ ਦੇ ਸੁਪਨੇ ਦੀ ਖੁਮਾਰੀ ਨਾਲ ਭਰਿਆ ਪਿਆ ਸੀ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਨੇ ਕਿਹਾ ਕਿ ਅਸੀਂ ਭਗਤ ਸਿੰਘ ਨੂੰ ਅਣਖੀਲੇ, ਨਿੱਡਰ ਤੇ ਅਹਿੰਸਕ ਯੋਧੇ ਦੇ ਰੂਪ ਵਿੱਚ ਦੇਖਦੇ ਹਾਂ। ਬਹੁਤ ਸੂਖਮ ਤੇ ਸੰਵੇਦਨਸ਼ੀਲ ਮਨ ਵਾਲੇ ਕੋਮਲ ਭਾਵੀ ਭਗਤ ਸਿੰਘ ਸਾਡੇ ਲੋਕ ਮਨ ਦਾ ਭਾਗ ਨਹੀਂ ਬਣਿਆ। ਸੰਨ 1923-24 ਵਿੱਚ ਜਦੋਂ ਪਹਿਲੀ ਵਾਰ ਘਰੋਂ ਕਾਨ੍ਹਪੁਰ ਜਾ ਕੇ ਗਣੇਸ਼ ਚੰਦਰ ਵਿਦਿਆਰਥੀ ਦੇ ਅਖਬਾਰ ਵਿੱਚ ਕੰਮ ਕਰਨ ਲੱਗੇ ਤਾਂ ਉੱਥੇ ਬੀ ਏ ਦੱਤ, ਚੰਦਰ ਸ਼ੇਖਰ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ ਆਦਿ ਇਨਕਲਾਬੀਆਂ ਨਾਲ ਮੇਲ ਹੋਈਆ। ਉਹ ਸਾਰੇ ਮਿਲ ਕੇ ਭਾਰਤ ਆਜ਼ਾਦੀ ਲਈ ਪਲਾਨ ਤਿਆਰ ਕਰਦੇ ਸਨ। ਇਸ ਮੌਕੇ ਵਿਦਿਆਰਥੀਆਂ ਵੱਲੋਂ ਭਗਤ ਸਿੰਘ ਦੀ ਸ਼ਹਾਦਤ ਨੂੰ ਦਰਸਾਉਂਦੇ ਸੰਸਕ੍ਰਿਤਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਕਰਵਾਏ ਕੁਇੰਜ਼ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਕਾਲਜ ਸਟਾਫ ਸਹਿਤ ਸਮੂਹ ਵਿਦਿਆਰਥੀ ਸ਼ਾਮਲ ਸਨ।

ਕੋਟਕਪੂਰਾ (ਰਛਪਾਲ ਭੁੱਲਰ) : ਰਾਮ ਮੁਹੰਮਦ ਸਿੰਘ ਆਜ਼ਾਦ ਵੈੱਲਫੇਅਰ ਸੋਸਾਇਟੀ, ਪੰਜਾਬ ਪੈਨਸ਼ਨਰਜ਼ ਯੂਨੀਅਨ, ਗੁੱਡ ਮੌਰਨਿੰਗ ਵੈੱਲਫੇਅਰ ਕਲੱਬ, ਸ਼ਹੀਦ ਭਗਤ ਸਿੰਘ ਪੈਨਸ਼ਨਰ ਵੈੱਲਫੇਅਰ ਟਰੱਸਟ ਤੇ ਇਲਾਕੇ ਭਰ ਦੀਆਂ ਹੋਰ ਜਥੇਬੰਦੀਆਂ ਵੱਲੋਂ ਸਥਾਨਕ ਪੁਰਾਣਾ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦਾ 92ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਪੈਨਸ਼ਨਰ ਆਗੂ ਬਲਦੇਵ

ਕੋਟਕਪੂਰਾ

ਸਿੰਘ ਸਹਿਦੇਵ, ਪ੍ਰੇਮ ਚਾਵਲਾ, ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੀਤ ਭਗਵਾਨ ਸਿੰਘ, ਮਨਦੀਪ ਸਿੰਘ ਮਿੰਟੂ ਗਿੱਲ, ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ, ਹਰਵਿੰਦਰ ਸਰਮਾ, ਪ੍ਰੋ. ਹਰਬੰਸ ਸਿੰਘ ਪਦਮ, ਮੁਖਤਿਆਰ ਸਿੰਘ ਮੱਤ, ਇਕਬਾਲ ਸਿੰਘ ਮਘੇਰਾ, ਰਜਿੰਦਰ ਸਿੰਘ ਸਰਾਂ, ਗੁਰਚਰਨ ਸਿੰਘ ਬਰਾੜ ਨਾਇਬ ਤਹਿਸੀਲਦਾਰ, ਗੁਰਦੀਪ ਸਿੰਘ ਮੈਨੇਜਰ, ਅਮਰਜੀਤ ਕੌਰ ਛਾਬੜ, ਸੁਖਚੈਨ ਸਿੰਘ ਰਾਮਸਰ ਤੇ ਕਈ ਹੋਰ ਵਿਅਕਤੀਆਂ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਅਰਪਣ ਕੀਤੀ। ਬੁਲਾਰਿਆਂ ਨੇ ਆਜ਼ਾਦੀ ਸੰਗਰਾਮ ਦੇ ਇਨ੍ਹਾਂ ਮਹਾਨ ਨਾਇਕਾਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਮੌਜੂਦਾ ਸਮੇਂ ਵਿੱਚ ਦੇਸ਼ ਨੂੰ ਦਰਪੇਸ਼ ਚਣੌਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਸਾਥੀ ਬਲਦੇਵ ਸਿੰਘ ਸਹਿਦੇਵ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਸਮਾਜ ਨੂੰ ਸਾਂਝੇ ਯਤਨ ਕਰਨ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੋਪਾਲ ਵੋਹਰਾ, ਅਸ਼ੋਕ ਚਾਵਲਾ, ਸੁਰਿੰਦਰ ਕੁਮਾਰ ਮਜਾਲ, ਸੁਰਿੰਦਰ ਸਿੰਘ ਸਦਿਓੜਾ, ਡਾਕਟਰ ਸੁਰਿੰਦਰ ਕੋਛੜ, ਦੀਪਕ ਮਨਚੰਦਾ, ਅਮਨਦੀਪ ਸਿੰਘ ਜੱਸਲ, ਹਾਕਮ ਸਿੰਘ, ਜਸਬੀਰ ਸਿੰਘ ਕੈਂਥ, ਸਤਨਾਮ ਸਿੰਘ, ਭੂਸ਼ਨ ਮਿੱਤਲ, ਓਮ ਪ੍ਰਕਾਸ਼ ਬਿਸ਼ਨੋਈ, ਕੇਵਲ ਸਿੰਘ ਲੰਭਵਾਲੀ, ਹਰਸਿਮਰਨ ਸਿੰਘ ਵਿੱਕੀ, ਓਮ ਪ੍ਰਕਾਸ਼ ਗੁਪਤਾ, ਗੇਜ ਰਾਮ ਭੋਰਾ, ਪਰਮਿੰਦਰ ਸਿੰਘ ਜਟਾਣਾ, ਹਰਦੀਪ ਸਿੰਘ ਫਿੱਡੂ ਭਲਵਾਨ, ਗੁਰਦੀਪ ਸਿੰਘ ਭੋਲਾ ਤੇ ਅਮਰਜੀਤ ਸਿੰਘ ਮੱਕੜ ਆਦਿ ਸ਼ਾਮਲ ਸਨ।

ਫਾਜ਼ਿਲਕਾ (ਕ੍ਰਿਸ਼ਨ ਸਿੰਘ) : ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ 92ਵਾਂ ਸ਼ਹੀਦੀ ਦਿਹਾੜਾ ਪੰਜਾਬ ਪੱਲੇਦਾਰ ਯੂਨੀਅਨ ਫਾਜ਼ਿਲਕਾ ਵਿਖੇ ਮਨਾਇਆ ਗਿਆ। ਇਸ ਦੇ ਨਾਲ ਹੀ ਪੰਜਾਬ ਪੱਲੇਦਾਰ ਯੂਨੀਅਨ ਫਾਜ਼ਿਲਕਾ ਦਾ 38ਵਾਂ ਸਥਾਪਨਾ ਦਿਵਸ ਵੀ ਮਨਾਇਆ ਗਿਆ। ਇਸ ਮੌਕੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼ਹੀਦਾਂ ਨੂੰ ਯਾਦ ਕਰਦੇ ਹੋਏ ਪੰਜਾਬ ਪੱਲੇਦਾਰ ਯੂਨੀਅਨ ਦੇ ਪ੍ਰਧਾਨ ਬਖਤਾਵਰ ਸਿੰਘ ਘੜੂਮੀ ਨੇ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਅਜੇ ਨਹੀਂ ਬਣਿਆ। ਸ਼ਹੀਦਾਂ ਦੇ ਸੁਪਨੇ ਸੀ ਕਿ ਅੰਗਰੇਜ਼ਾਂ ਤੋਂ ਮੁਲਖ ਨੂੰ ਆਜ਼ਾਦ ਕਰਕੇ ਭਾਰਤ ਵਿੱਚ ਕਿਰਤੀ, ਕਾਮਿਆਂ ਦੀ ਸਰਕਾਰ ਆਵੇਗੀ

ਫਾਜ਼ਿਲਕਾ

ਤਾਂ ਜੋ ਕਿਰਤੀ, ਕਾਮਿਆਂ ਤੇ ਮਿਹਨਤਕਸ਼ ਲੋਕਾਂ ਨੂੰ ਇਨਸਾਫ ਮਿਲ ਸਕੇ, ਪਰ ਅੱਜ ਵੀ ਕਿਰਤੀ ਲੋਕ ਆਪਣੇ ਬੁਨਿਆਦੀ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਸ਼ਹੀਦਾਂ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਆਮ ਲੋਕਾਂ ਨੂੰ ਰੁਜ਼ਗਾਰ, ਸਿਹਤ, ਵਿੱਦਿਆ, ਮਹਿੰਗਾਈ, ਭ੍ਰਿਸ਼ਟਾਚਾਰੀ ਨੂੰ ਨੱਥ ਪਾਈ ਜਾਵੇ ਤੇ ਕਿਰਤੀ ਲੋਕਾਂ ਨੂੰ ਇਨਸਾਫ ਮਿਲ ਸਕੇ। ਇਸ ਮੌਕੇ ਪੰਜਾਬ ਪੱਲੇਦਾਰ ਯੂਨੀਅਨ ਫਾਜ਼ਿਲਕਾ ਦੇ ਆਗੂ ਪਿਆਰਾ ਸਿੰਘ ਤੇ ਬਚਨ ਸਿੰਘ ਤੋਂ ਇਲਾਵਾ ਸੀ ਪੀ ਆਈ ਆਗੂ ਕਾਮਰੇਡ ਦੀਵਾਨ ਸਿੰਘ, ਖੇਤ ਮਜ਼ਦੂਰ ਸਭਾ ਦੇ ਆਗੂ ਨਾਨਕ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਬਲਵੀਰ ਸਿੰਘ ਖਟਵਾਲ, ਸੀ ਪੀ ਆਈ ਬਲਾਕ ਸਕੱਤਰ ਕਾਮਰੇਡ ਸਤਨਾਮ ਸਿੰਘ ਤੇ ਹੋਰ ਹਾਜ਼ਰ ਸਨ।

ਮੋਗਾ (ਅਮਰਜੀਤ ਬੱਬਰੀ) : ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਐੱਸ.ਐੱਫ.ਸੀ. ਆਈ ਟੀ ਆਈ. ਵੱਲੋਂ ਉਨ੍ਹਾਂ ਨੂੰ ਯਾਦ ਕਰਿਦਆਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਇਸ ਮੌਕੇ ਐੱਸ.ਐੱਫ.ਸੀ. ਸੰਸਥਾਵਾਂ ਦੇ ਡਾਇਰੈਕਟਰ ਅਭਿਸ਼ੇਕ ਸਿੰਦਲ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਕਿਹਾ ਕਿ ਸ਼ਹੀਦਾਂ ਦੀ ਬਦੌਲਤ ਹੀ ਅਸੀਂ ਆਜ਼ਾਦੀ ਹਾਸਲ ਕੀਤੀ ਹੈ, ਇਸ ਲਈ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੇ ਸੁਪਿਨਆਂ ਨੂੰ ਸਾਕਾਰ ਕਰਕੇ ਵਿਖਾਈਏ। ਇਸ ਤੋਂ ਇਲਾਵਾ ਐੱਸ.ਐੱਫ.ਸੀ. ਆਈ ਟੀ ਆਈ ਦੇ ਪ੍ਰਿੰਸੀਪਲ ਮਨਿਜੰਦਰ ਸਿੰਘ ਸੇਖੋਂ ਨੇ ਵੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਕਿਹਾ ਕਿ ਅਸੀਂ ਸਾਰੇ ਮਿਲ ਕੇ ਰੰਗਲੇ ਪੰਜਾਬ ਦੀ ਸਿਰਜਣਾ ਕਰੀਏ ਤੇ ਇਨ੍ਹਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਅਮਲੀ

ਮੋਗਾ

ਜਾਮਾ ਪਹਿਨਾਉਣ ਲਈ ਮੁੜ ਤੋਂ ਇਕੱਠੇ ਹੋਈਏ। ਸਮੂਹ ਐੱਸ.ਐੱਫ.ਸੀ. ਸਟਾਫ ਤੇ ਵਿਦਿਆਰਥੀਆਂ ਨੇ ਵੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵੇਲੇ ਪ੍ਰਣ ਲਿਆ ਕਿ ਉਨ੍ਹਾਂ ਦੇ ਸੁਫ਼ਨਿਆਂ ਨੂੰ ਪੂਰਾ ਕਰਨ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ ਤੇ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਦੇਸ਼ ਦੀ ਤਰੱਕੀ ਵਿੱਚ ਪੂਰਾ ਯੋਗਦਾਨ ਪਾਵਾਂਗੇ।

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ) : ਪਾਵਰਕਾਮ

25-March-PAGE-8.qxd 3/24/2023 10:04 PM Page 1

ਮੋਦੀ ਸਰਕਾਰ ਦੀ ਤਾਨਾਸ਼ਾਹੀ ਕਾਂਗਰਸ ਨੂੰ ਡਰਾ ਨਹੀਂ ਸਕਦੀ : ਧਾਲੀਵਾਲ

ਫਗਵਾੜਾ (ਡਾ. ਰਮਨ) ਸਾਲ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਮੋਦੀ ਸਰਨੇਮ ਸਬੰਧੀ ਕੀਤੀ ਗਈ ਟਿੱਪਣੀ ਦੇ ਮਾਮਲੇ 'ਚ ਗੁਜਰਾਤ ਦੀ ਸੂਰਤ ਜ਼ਿਲ੍ਹਾ ਅਦਾਲਤ ਵੱਲੋਂ ਸੁਣਾਈ ਗਈ ਦੋ ਸਾਲ ਦੀ ਸਜ਼ਾ 'ਤੇ ਪ੍ਰਤੀਕਰਮ ਦਿੰਦਿਆਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਦੇਸ਼ ਵਿਚ ਮੋਦੀ ਸਰਕਾਰ ਦੀ ਤਾਨਾਸ਼ਾਹੀ ਚੱਲ ਰਹੀ ਹੈ ਪਰ ਇਹ ਤਾਨਾਸ਼ਾਹ ਮੋਦੀ ਸਰਕਾਰ ਕਾਂਗਰਸ ਨੂੰ ਡਰਾ ਨਹੀਂ ਸਕਦੀ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਨੇ ਹਮੇਸ਼ਾ ਹੀ ਜਨਤਾ ਦੇ ਸਾਹਮਣੇ ਭ੍ਰਿਸ਼ਟਾਚਾਰ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਢੰਗ ਨਾਲ ਉਠਾਈ ਹੈ ਅਤੇ ਕਾਂਗਰਸ ਪਾਰਟੀ ਦਾ ਹਰ ਸਿਪਾਹੀ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਭਾਜਪਾ ਕਦੇ ਈਡੀ ਤੇ ਕਦੇ ਸੀਬੀਆਈ ਰਾਹੀਂ ਵਿਰੋਧੀ ਧਿਰਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰਦੀ ਹੈ। ਭਾਜਪਾ ਵਰਕਰਾਂ ਵੱਲੋਂ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਦੇ ਆਗੂਆਂ 'ਤੇ ਝੂਠੇ ਮੁਕੱਦਮੇ ਦਰਜ ਕਰਵਾਏ ਜਾਂਦੇ ਹਨ ਪਰ ਉਨ੍ਹਾਂ ਦੀ ਕੋਈ ਵੀ ਚਾਲ ਕਾਮਯਾਬ ਨਹੀਂ ਹੋਵੇਗੀ ਕਿਉਂਕਿ ਦੇਸ਼ ਦੇ ਲੋਕ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ 'ਚ ਮੋਦੀ ਸਰਕਾਰ ਨੂੰ ਸਬਕ ਸਿਖਾਉਣ ਦਾ ਮਨ ਬਣਾ ਚੁੱਕੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਨਿਆਪਾਲਿਕਾ ਵਿੱਚ ਪੂਰਾ ਭਰੋਸਾ ਹੈ। ਉਹਨਾਂ ਕਿਹਾ ਕਿ ਇਸ ਫਰਜ਼ੀ ਕੇਸ ਵਿੱਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਮਾਨਯੋਗ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਰਹੀ ਹੈ, ਜਿੱਥੇ ਯਕੀਨਨ ਰਾਹੁਲ ਗਾਂਧੀ ਨੂੰ ਇਨਸਾਫ਼ ਮਿਲੇਗਾ।

ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਪੱਤਰਕਾਰਾਂ ਨੇ 'ਸੇਵ ਜਰਨਲਿਜ਼ਮ' ਵਜੋਂ ਮਨਾਇਆ ਸ਼ਹੀਦੀ ਦਿਹਾੜਾ

ਖਰੜ (ਹਰਨਾਮ ਸਿੰਘ ਡੱਲਾ) ਇੰਡੀਅਨ ਜਰਨਲਿਸਟ ਯੂਨੀਅਨ ਦੀ ਕੇਂਦਰੀ ਕਮੇਟੀ ਦੇ ਸੱਦੇ ਉੱਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ ਨੂੰ ਦੇਸ਼ ਭਰ ਵਿੱਚ 'ਸੇਵ ਜਰਨਲਿਜਮ' ਤੌਰ 'ਤੇ ਮਨਾਉਣ ਦੇ ਫੈਸਲੇ ਨੂੰ ਪੰਜਾਬ ਵਿੱਚ ਜਬਰਦਸਤ ਹੁੰਗਾਰਾ ਮਿਲਿਆ ਹੈ। ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀਆਂ ਪ੍ਰਮੁੱਖ ਪੱਤਰਕਾਰ ਯੂਨੀਅਨਾਂ, ਵਲੋਂ ਸੈਕਟਰ 17 ਚੰਡੀਗੜ੍ਹ ਵਿਖੇ ਸ਼ਹੀਦੀ ਦਿਹਾੜ ਮਨਾਇਆ ਗਿਆ। ਨਵਾਂਸ਼ਹਿਰ ਵਿੱਚ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਨਵਾਂਸ਼ਹਿਰ ਦੇ ਪੱਤਰਕਾਰਾਂ ਨੇ ਹਰਮੇਸ਼ ਵਿਰਦੀ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਪਹੁੰਚ ਕੇ ਭਗਤ ਸਿੰਘ ਦੇ ਬੁੱਤ ਨੂੰ ਫੁੱਲਾਂ ਦੇ ਹਾਰ ਪਹਿਨਾ ਕੇ ਸ਼ਰਧਾਂਜਲੀ ਦਿੱਤੀ ਅਤੇ ਮਾਰਚ ਕੀਤਾ। ਜ਼ਿਲ੍ਹਾ ਫਾਜ਼ਿਲਕਾ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਕੁਲਦੀਪ ਸਿੰਘ ਬਰਾੜ ਅਤੇ ਸਾਥੀਆਂ ਵਲੋਂ ਵੀ ਅੱਜ ਦਾ ਦਿਨ 'ਸੇਵ ਜਰਨਲਿਜਮ' ਦੇ ਤੌਰ 'ਤੇ ਮਨਾਇਆ ਗਿਆ। ਲੁਧਿਆਣਾ ਯੂਨਿਟ ਵਲੋਂ ਸਾਥੀ ਸੰਤੋਖ ਗਿੱਲ ਦੀ ਅਗਵਾਈ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਰਧਾਂਜਲੀ ਦਿੱਤੀ ਗਈ ਅਤੇ ਰਾਏਕੋਟ ਸ਼ਹਿਰ ਵਿੱਚ ਮਾਰਚ ਕੱਢਿਆ ਗਿਆ।

ਚੰਡੀਗੜ੍ਹ ਦੇ ਸੈਕਟਰ ਸਤਾਰਾਂ ਵਿੱਚ ਇਕੱਤਰ ਹੋਏ ਪੱਤਰਕਾਰਾਂ ਨੇ ਵੀ ਕੇਂਦਰ ਸਰਕਾਰ ਵਲੋਂ ਕਿਰਤ ਕਾਨੂੰਨਾਂ ਦੇ ਕਮਜ਼ੋਰ ਅਤੇ ਕਾਰਪੋਰੇਟ ਪੱਖੀ ਕਰ ਦੇਣ ਤੋਂ ਬਾਅਦ ਜਰਨਲਿਸਟਾਂ ਦੇ ਅਧਿਕਾਰਾਂ ਨੂੰ ਵੀ ਠੇਸ ਪਹੁੰਚਾਉਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਇਸ ਸਮੇਂ ਇੰਡੀਅਨ ਜਰਨਲਿਸਟ ਯੂਨੀਅਨ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ, ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਜੰਡੂ, ਹਰਿਆਣਾ ਅਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਰਾਮ ਸਿੰਘ ਬਰਾੜ, ਚੰਡੀਗੜ੍ਹ ਦੀ ਜਨਰਲ ਸਕੱਤਰ ਬਿੰਦੂ ਸਿੰਘ, ਮੋਹਾਲੀ ਦੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਭੱਟੀ ਅਤੇ ਜਰਨਲ ਸਕੱਤਰ ਹਰਨਾਮ ਸਿੰਘ ਡੱਲਾ, ਸੀਨੀਅਰ ਪੱਤਰਕਾਰ ਤਰਲੋਚਨ ਸਿੰਘ, ਚੰਡੀਗੜ੍ਹ ਯੂਨਿਟ ਦੇ ਪ੍ਰਧਾਨ ਜੈ ਸਿੰਘ ਛਿੱਬਰ ਨੇ ਮੰਚ ਸੰਚਾਲਨ ਕਰਦਿਆਂ ਜ਼ਿਲ੍ਹਾ ਮੋਹਾਲੀ ਦੇ ਪ੍ਰਧਾਨ ਸਰਬਜੀਤ ਸਿੰਘ ਭੱਟੀ ਨੇ ਆਪਣੇ ਵਿਚਾਰ ਰੱਖੇ। ਬਲਬੀਰ ਸਿੰਘ ਜੰਡੂ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਲਈ ਇਨ੍ਹਾਂ ਸਮਿਆਂ ਵਿੱਚ ਹਰ ਕੁਰਬਾਨੀ ਦੇ ਕੇ ਪੱਤਰਕਾਰਤਾ ਦੇ ਚੌਥੇ ਸਤੰਭ ਨੂੰ ਬਚਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਬੀ ਜੇ ਪੀ ਸਰਕਾਰ ਨੇ ਪ੍ਰੈੱਸ ਦੀ ਆਜਾਦੀ ਉੱਤੇ ਪਾਬੰਦੀਆਂ ਲਾ ਕੇ ਆਜਾਦ ਪੱਤਰਕਾਰਤਾ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਕਰਕੇ ਸਾਨੂੰ ਇਸ ਦਮਨ ਨੂੰ ਰੋਕਣ ਲਈ ਹੌਸਲੇ ਅਤੇ ਨਿਡਰਤਾ ਨਾਲ ਇਹਨਾਂ ਹਮਲਿਆਂ ਦਾ ਸਾਹਮਣਾ ਕਰਨਾ ਪਵੇਗਾ,ਜਿਸ ਕਰਕੇ ਸਾਨੂੰ ਹੋਰ ਏਕਤਾ ਦੀ ਲੋੜ ਹੈ। ਚੰਡੀਗੜ੍ਹ ਯੂਨਿਟ ਦੀ ਜਰਨਲ ਸਕੱਤਰ ਮੈਡਮ ਬਿੰਦੂ ਸਿੰਘ ਨੇ ਰੋਸ ਪ੍ਰਦਰਸਨ ਵਿੱਚ ਪਹੁੰਚੇ ਪੱਤਰਕਾਰਾਂ ਦਾ ਧੰਨਵਾਦ ਕਰਦਿਆਂ ਜਰਨਲਿਜਮ ਨੂੰ ਬਚਾਉਣ ਲਈ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਸੰਘਰਸ਼ ਵੀ ਤਿਆਰ ਰਹਿਣ ਦਾ ਸੱਦਾ ਦਿੱਤਾ।

ਬੇਕਰੀ 'ਚ ਕੇਕ, ਬਿਸਕੁਟ ਤੇ ਮਿਠਾਈਆਂ ਉੱਤੇ ਬੈਸਟ ਬੀਫੋਰ ਲਿਖਣਾ ਲਾਜ਼ਮੀ : ਵਧੀਕ ਡਿਪਟੀ ਕਮਿਸ਼ਨਰ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) ਆਮ ਲੋਕਾਂ ਨੂੰ ਪੌਸ਼ਟਿਕ ਤੇ ਸੁਰੱਖਿਅਤ ਭੋਜਨ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਖਾਣ-ਪੀਣ ਦੀਆਂ ਵਸਤਾਂ ਬਣਾਉਣ ਅਤੇ ਵੇਚਣ ਵਾਲੇ ਦੁਕਾਨਦਾਰਾਂ, ਹਲਵਾਈਆਂ, ਕਰਿਆਨਾ ਦੁਕਾਨਦਾਰਾਂ, ਸਬਜ਼ੀ/ਫੱਲ ਵਿਕਰੇਤਾਵਾਂ, ਦੋਧੀਆਂ ਅਤੇ ਹੋਰ ਫੂਡ ਬਿਜ਼ਨਸ ਆਪਰੇਟਰਜ਼ (ਐਫ਼.ਬੀ.ਓ.) ਨੂੰ ਹਦਾਇਤ ਕਰਦਿਆਂ ਉਹ ਸ਼ੁੱਧ, ਮਿਆਰੀ ਤੇ ਸਾਫ਼-ਸੁਥਰੀਆਂ ਚੀਜ਼ਾਂ ਵੇਚਣ ਅਤੇ ਬੇਕਰੀ ਵਿਚ ਕੇਕ, ਬਿਸਕੁਟ, ਰੱਸ ਆਦਿ ਤੇ ਮਿਠਾਈਆਂ ਸਮੇਤ ਹਰ ਖਾਣ ਵਾਲੇ ਪਦਾਰਥ ਉੱਤੇ ਬੈਸਟ ਬੀਫੋਰ ਲਿਖਣਾ ਲਾਜ਼ਮੀ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਵਧੀਕ ਡਿਪਟੀ ਕਮਿਸਨਰ (ਜ) ਰੂਪਨਗਰ ਸ੍ਰੀਮਤੀ ਹਰਜੋਤ ਕੌਰ ਨੇ ਫੂਡ ਸੇਫਟੀ ਦੀ ਜ਼ਿਲ੍ਹਾ ਲੈਵਲ ਐਡਵਾਈਜਰੀ ਕਮੇਟੀ ਦੀ ਮੀਟਿੰਗ ਕਰਦਿਆਂ ਕੀਤਾ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਹੋਟਲਾਂ, ਦੁਕਾਨਾਂ ਜਾਂ ਰੈਸਟੋਰੇਂਟ ਦੀਆਂ ਰਸੋਈਆਂ 'ਚ ਗੰਦਗੀ ਹੋਣ 'ਤੇ ਫੂਡ ਸੇਫਟੀ ਐਕਟ ਤਹਿਤ 1 ਲੱਖ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ।

ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਖ਼ੁਦ ਵੀ ਜਾਗਰੂਕ ਹੋਣ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀ ਖ਼ਰੀਦ ਸਮੇਂ ਮਿਆਰ ਅਤੇ ਸ਼ੁੱਧਤਾ ਨਾਲ ਕਿਸੇ ਕਿਸਮ ਦਾ ਸਮਝੌਤਾ ਨਾ ਕਰਨ। ਉਨ੍ਹਾਂ ਸਿੱਖਿਆ ਵਿਭਾਗ ਨੂੰ ਹਦਾਇਤ ਕਰਦਿਆਂ "ਈਟ ਰਾਇਟ ਇੰਡੀਆ" ਮੁਹਿਮ ਅਧੀਨ ਜ਼ਿਲ੍ਹੇ ਵਿੱਚ ਪੈਂਦੇ ਸਰਕਾਰੀ/ਗੈਰ-ਸਰਕਾਰੀ/ ਏਡਿਡ/ਪਲੇਅਵੇ ਸਕੂਲਾਂ ਵਿੱਚ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਦੇ ਹੋਏ ਕੰਟੀਨਾਂ ਵਿੱਚ ਵੇਚੀਆਂ ਜਾਂਦੀਆਂ ਖਾਣ ਪੀਣ ਦੀਆਂ ਵਸਤੂਆਂ ਵੱਲ ਵਿਸ਼ੇਸ਼ ਧਿਆਨ ਦੇਣ ਲਈ ਕਿਹਾ। ਮੀਟਿੰਗ ਵਿੱਚ ਐਸ.ਡੀ.ਐਮ. ਮੋਰਿੰਡਾ ਦਿਪਾਂਕਰ ਗਰਗ, ਫੂਡ ਸੇਫਟੀ ਅਫਸਰ ਬਿਕਰਮਜੀਤ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਗੁਰਿੰਦਰਪਾਲ ਸਿੰਘ ਕਾਹਲੋਂ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ੍ਰੀਮਤੀ ਰਜਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫਸਰ (ਅ) ਸ੍ਰੀਮਤੀ ਰੰਜਨਾ ਕਤਿਆਲ, ਖੇਤੀਬਾੜੀ ਅਫਸਰ ਪੰਕਜ ਸਿੰਘ, ਫੰਕਸ਼ਨਲ ਮੈਨੇਜਰ ਬਲਵਿੰਦਰ ਸਿੰਘ, ਇੰਸਪੈਕਟਰ ਫੂਡ ਸਪਲਾਈ ਰਵਿੰਦਰ ਸਿੰਘ, ਇੰਸਪੈਕਟਰ ਨਾਪ ਤੋਲ ਰਣਜੀਤ ਸਿੰਘ ਭੁੱਲਰ, ਜ਼ਿਲ੍ਹਾ ਕੋਆਰਡਨੇਟਰ ਪ੍ਰੋਗਰਾਮ ਅਫਸਰ ਰਾਹੁਲ ਗੌਤਮ, ਮੈਂਬਰ ਜਗਦੀਸ਼ ਚੰਦਰ ਕਾਜਲਾ, ਮੈਂਬਰ ਨਵਦੀਪ ਅਤੇ ਹੋਰ ਉੱਚ ਅਧਿਕਾਰੀ ਹਾਜਰ ਸਨ।

ਖੈਹਿਰਾ ਮੁਸਤਰਕਾ ਦਾ ਵਾਲੀਬਾਲ ਟੂਰਨਾਮੈਂਟ ਤਾਜਪੁਰ ਦੀ ਟੀਮ ਨੇ ਜਿੱਤਿਆ

ਮਹਿਤਪੁਰ (ਰਾਜਾ) ਮਹਿਤਪੁਰ ਦੇ ਨਜਦੀਕ ਪਿੰਡ ਖੈਹਿਰਾ ਮੁਸਤਰਕਾ ਵਿਖੇ ਪਹਿਲਾ ਵਾਲੀਵਾਲ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਕੁੱਲ 22 ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਤਾਜਪੁਰ ਤੇ ਸਿੰਘਪੁਰ ਦੀ ਟੀਮ ਵਿਚਕਾਰ ਹੋਇਆ। ਤਾਜਪੁਰ ਦੀ ਟੀਮ ਨੇ ਫਾਈਨਲ ਮੈਚ ਜਿੱਤ ਕੇ ਕੱਪ 'ਤੇ ਕਬਜਾ ਕੀਤਾ। ਤੀਜੇ ਤੇ ਚੌਥੇ ਸਥਾਨ ਲਈ ਖੈਹਿਰਾ ਮੁਸਤਰਕਾ ਤੇ ਅਕਬਰਪੁਰ ਖੁਰਦ ਦੀ ਟੀਮ ਦੇ ਵਿਚਕਾਰ ਮੈਚ ਹੋਇਆ। ਖੈਹਿਰਾ ਮੁਸਤਰਕਾ ਦੀ ਟੀਮ ਨੇ ਜਿੱਤ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼੍ਰੋਮਣੀ ਅਕਾਲੀ ਦਲ ਸ਼ਾਹਕੋਟ ਹਲਕਾ ਇੰਚਾਰਜ ਬਚਿੱਤਰ ਸਿੰਘ ਕੋਹਾੜ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਦਲਜੀਤ ਸਿੰਘ ਕਾਹਲੋਂ, ਬਲਦੇਵ ਸਿੰਘ ਕਲਿਆਣ, ਸਾਬਕਾ ਸਰਪੰਚ ਰਣਜੀਤ ਸਿੰਘ ਖੈਹਿਰਾ, ਮੌਜੂਦਾ ਸਰਪੰਚ ਗੁਰਦੇਵ ਸਿੰਘ, ਗੁਰਿੰਦਰ ਸਿੰਘ ਪੱਡਾ, ਇੰਦਰਪਾਲ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਪਾਲ ਸਿੰਘ ਕੰਗ,ਪਰਮਿੰਦਰ ਸਿੰਘ, ਪ੍ਰਿੰਸੀਪਲ ਲਖਵਿੰਦਰ ਸਿੰਘ, ਨਿਰਮਲ ਸਿੰਘ, ਸੁਰਿੰਦਰ ਸਿੰਘ, ਭੁਪਿੰਦਰ ਸਿੰਘ ਸੁਖਵਿੰਦਰ ਸਿੰਘ,ਰੋਸ਼ਨ,ਗੱਡੀ, ਮਨੀ, ਬਲਰਾਜ ਸਿੰਘ, ਮਨਜਿੰਦਰ ਸਿੰਘ, ਗੋਰਾ ਆਦਿ ਹਾਜਰ ਸਨ।

ਸਪੀਕਰ ਪੱਖਪਾਤੀ ਤੇ ਆਪ ਸਰਕਾਰ ਦੇ ਹੱਥਾਂ ਦੀ ਕਠਪੁਤਲੀ : ਚੌਧਰੀ

ਫਿਲੌਰ, (ਨਿਰਮਲ) ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦਾ ਦੂਜਾ ਹਿੱਸਾ ਹੰਗਾਮੇ ਨਾਲ ਸ਼ੁਰੂ ਹੋਇਆ, ਜਦੋਂ ਸਪੀਕਰ ਨੇ ਮੁੱਖ ਵਿਰੋਧੀ ਪਾਰਟੀ ਦੇ ਮੈਂਬਰਾਂ ਵੱਲੋਂ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਦੇ ਮੁੱਦੇ 'ਤੇ ਚਰਚਾ ਦੀ ਮੰਗ ਨੂੰ ਲੈ ਕੇ ਦਿੱਤੇ ਮੁਲਤਵੀ ਮਤੇ ਦੇ ਨੋਟਿਸ ਨੂੰ ਨਾ ਮਨਜ਼ੂਰ ਕਰ ਦਿੱਤਾ ਅਤੇ ਨਾਰਾਜ਼ ਵਿਧਾਇਕ ਵਿਧਾਨ ਸਭਾ ਵਿੱਚੋਂ ਵਾਕਆਊਟ ਕਰ ਗਏ। ਇਸ ਤੋਂ ਪਹਿਲਾਂ ਪ੍ਰਸਨ ਕਾਲ ਦੌਰਾਨ ਕਾਂਗਰਸੀ ਵਿਧਾਇਕਾਂ ਵੱਲੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ ਗਈ। ਸਪੀਕਰ ਨੂੰ ਪੱਖਪਾਤੀ ਅਤੇ ਫਰਜੀ ਕਰਾਰ ਦਿੰਦਿਆਂ ਫਿਲੌਰ ਤੋਂ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਹਰ ਵਿਧਾਇਕ ਵੱਲੋਂ ਸਪੀਕਰ ਦੇ ਅਹੁਦੇ ਦਾ ਬੇਹੱਦ ਸਤਿਕਾਰ ਕੀਤਾ ਜਾਂਦਾ ਹੈ ਪਰ ਕੁਲਤਾਰ ਸਿੰਘ ਸੰਧਵਾਂ 'ਐਡ ਆਦਮੀ' ਸਰਕਾਰ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਏ ਹਨ ਅਤੇ ਉਹਨਾਂ ਨੇ ਸਪੀਕਰ ਦੀ ਕੁਰਸੀ ਦੀ ਮਰਿਆਦਾ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਸਪੀਕਰ ਨੂੰ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਨਿਰਪੱਖ ਹੋਣਾ ਚਾਹੀਦਾ ਹੈ, ਪਰ ਇੱਥੇ ਉਹ ਭਗਵੰਤ ਮਾਨ ਸਰਕਾਰ ਦੇ ਹੁਕਮਾਂ 'ਤੇ ਕੰਮ ਕਰ ਰਹੇ ਹਨ ਅਤੇ ਕਿਸੇ ਨੂੰ ਵੀ ਸਰਕਾਰ ਵਿਰੁੱਧ ਸਵਾਲ ਉਠਾਉਣ ਦੀ ਇਜਾਜਤ ਨਹੀਂ ਦਿੱਤੀ ਜਾ ਰਹੀ ਤੇ ਵਿਰੋਧੀ ਧਿਰ ਦੀ ਆਵਾਜ ਨੂੰ ਦਬਾਇਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਹ ਬੇਹੱਦ ਅਫਸੋਸ ਦੀ ਗੱਲ ਹੈ ਕਿ ਵਿਧਾਨ ਸਭਾ ਦੀ ਬੈਠਕ ਦੌਰਾਨ ਸਪੀਕਰ ਨੇ ਪੰਜਾਬ ਦੇ ਭਖਦੇ ਮੁੱਦਿਆਂ ਨੂੰ ਉਠਾਉਣ ਦੀ ਵਿਰੋਧੀ ਧਿਰ ਦੀ ਮੰਗ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਸਾਨੂੰ ਬੋਲਣ ਦਾ ਸਮਾਂ ਹੀ ਨਹੀਂ ਦਿੱਤਾ, ਪਰ ਅਸੀਂ ਪੰਜਾਬ ਦੇ ਲੋਕਾਂ ਦੀ ਆਵਾਜ ਨੂੰ ਦਬਾਉਣ ਦੀਆਂ 'ਐਡ ਆਦਮੀ' ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਨਹੀਂ ਹੋਣ ਦੇਵਾਂਗੇ ਅਤੇ ਪੰਜਾਬੀਆਂ ਦੀ ਆਵਾਜ ਸਦਨ ਤੇ ਸੜਕਾਂ 'ਤੇ ਬੁਲੰਦ ਕਰਦੇ ਰਹਾਂਗੇ। ਵਿਰੋਧੀ ਧਿਰ ਦੇ ਮੈਂਬਰਾਂ ਨੇ ਦਿੱਲੀ ਤੋਂ ਲਿਆਂਦੇ ਅਤੇ 'ਆਪ' ਸਰਕਾਰ ਨਾਲ ਕੰਮ ਕਰ ਰਹੇ ਅਨਿਕੇਤ ਸਕਸੈਨਾ ਦੀ ਵਿਧਾਨ ਸਭਾ ਵਿੱਚ ਮੌਜੂਦਗੀ ਦਾ ਵੀ ਸਖਤ ਵਿਰੋਧ ਕੀਤਾ। ਵਿਧਾਇਕ ਚੌਧਰੀ ਨੇ ਕਿਹਾ ਕਿ ਗੁਰਦਾਸਪੁਰ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਤੇ ਉਹਨਾਂ ਨੇ ਅਨਿਕੇਤ ਸਕਸੈਨਾ ਨੂੰ ਸਦਨ ਦੇ 'ਵਾਚ ਐਂਡ ਵਾਰਡ ਰੂਮ' ਵਿੱਚ ਬਣਾਏ ਉਸ ਦੇ ਅਸਥਾਈ ਦਫਤਰ ਤੋਂ ਰੰਗੇ ਹੱਥੀਂ ਫੜਿਆ, ਜਿੱਥੇ ਉਹ ਸਦਨ ਦੀ ਕਾਰਵਾਈ ਦੇ ਲਾਈਵ ਪ੍ਰਸਾਰਣ ਨੂੰ ਕੰਟਰੋਲ ਕਰ ਰਿਹਾ ਸੀ, ਜਦੋਂ ਕਿ ਉਸ ਕੋਲ ਉੱਥੇ ਹਾਜ਼ਰ ਰਹਿਣ ਦਾ ਵੀ ਅਧਿਕਾਰ ਨਹੀਂ ਸੀ। ਉਹਨਾਂ ਨੇ ਦੱਸਿਆ ਕਿ ਫੜੇ ਜਾਣ ਤੋਂ ਬਾਅਦ ਉਹ ਡਰ ਕੇ ਮੌਕੇ ਤੋਂ ਭੱਜ ਗਿਆ। ਫਿਲੌਰ ਵਿਧਾਇਕ ਨੇ ਕਿਹਾ, "ਵਿਧਾਨ ਸਭਾ ਦਾ ਕੰਮਕਾਜ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਹੀਂ, ਸਗੋਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਤੋਂ ਭੇਜੇ ਗਏ ਅਨਿਕੇਤ ਸਕਸੈਨਾ ਵਰਗੇ ਲੋਕ ਚਲਾ ਰਹੇ ਹਨ।

25-March-PAGE-9.qxd 3/24/2023 10:04 PM Page 1

ਯਾਦਗਾਰੀ ਹੋ ਨਿੱਬੜਿਆ ਸਰਕਾਰੀ ਪ੍ਰਾਇਮਰੀ ਸਕੂਲ ਰਸੂਲਪੁਰ ਦਾ ਸਾਲਾਨਾ ਸਮਾਗਮ

ਮਹਿਤਪੁਰ (ਰਾਜਾ) ਸਰਕਾਰੀ ਪ੍ਰਾਇਮਰੀ ਸਕੂਲ ਰਸੂਲਪੁਰ ਬਲਾਕ ਨਕੋਦਰ -1(ਜਲੰਧਰ) ਵਿਖੇ ਸਾਲਾਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਰਤਨ ਸਿੰਘ ਕਾਕੜ ਕਲਾਂ ਨੇ ਮੁੱਖ ਮਹਿਮਾਨ ਵਜੋਂ ਭੂਮਿਕਾ ਨਿਭਾਈ। ਉਹਨਾਂ ਦੇ ਨਾਲ ਨਰਿੰਦਰ ਸਿੰਘ ,ਹਰਵਿੰਦਰ ਸਿੰਘ ਮਠਾੜੂ ,ਨਵਦੀਪ ਕੁਮਾਰ ਮਹੇ , ਕ੍ਰਿਸ਼ਨ ਕੁਮਾਰ ਬਿੱਟੂ ,ਓਮ ਪ੍ਰਕਾਸ਼, ਸਤਨਾਮ ਸਿੰਘ ਬਲਾਕ ਇੰਚਾਰਜ ਆਮ ਆਦਮੀ ਪਾਰਟੀ ਇਸ ਸਮਾਗਮ ਵਿਚ ਸ਼ਮਲ ਸਨ। ਰਮੇਸ਼ਵਰ ਚੰਦਰ ਬੀਪੀਈਓ ਨਕੋਦਰ-1 ਅਤੇ ਜਗਜੀਤ ਸਿੰਘ ਅਧਿਆਪਕ ਦੁਆਰਾ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦਾ ਆਰੰਭ ਗੁਰਲੀਨ ਕੌਰ ਅਤੇ ਗੁਰਤੀਰਥ ਬੱਚੀਆਂ ਅਤੇ ਐਸ ਐਮ ਸੀ ਕਮੇਟੀ ਮੈਂਬਰਾਂ ਦੁਆਰਾ ਰਤਨ ਸਿੰਘ ਕਾਕੜ ਕਲਾਂ ਵੱਲੋਂ ਰੀਬਨ ਕਟਵਾ ਕੇ ਕੀਤਾ ਗਿਆ। ਇਸ ਮੌਕੇ ਕੇਵਲ ਸਿੰਘ ਹੁੰਦਲ ਜ਼ਿਲ੍ਹਾ ਪ੍ਰਧਾਨ ਈਟੀਟੀ ਅਧਿਆਪਕ ਯੂਨੀਅਨ ਜਲੰਧਰ ਅਤੇ ਸ਼ਿਵਰਾਜ ਸਿੰਘ ਸੂਬਾ ਕਮੇਟੀ ਮੈਂਬਰ ਜਲੰਧਰ ਵੀ ਹਾਜਰ ਸਨ। ਅਭੈਜੀਤ ਸਿੰਘ, ਸੁਖਰਾਜ ਐਮ ਆਈ ਐਸ, ਨੇਹਾ ਅਤੇ ਸੁਰਜੀਤ ਸਿੰਘ ਜੀ ਬੀਐਮਟੀ ਨਕੋਦਰ -1 ਵਿਸ਼ੇਸ਼ ਤੌਰ 'ਤੇ ਪਹੁੰਚੇ। ਸਟੇਜ ਦੀ ਕਾਰਵਾਈ ਯਾਦਵਿੰਦਰ ਸਿੰਘ ਈਟੀਟੀ ਅਧਿਆਪਕ ਨੇ ਬਾਖੂਬੀ ਨਿਭਾਈ। ਇਸ ਮੌਕੇ ਬੱਚਿਆਂ ਨੇ ਧਾਰਮਿਕ ਕੋਰਿਓਗ੍ਰਾਫੀ ਕੀਤੀ ਤੇ ਪ੍ਰੋਗਰਾਮ ਆਰੰਭ ਕੀਤਾ। ਮੈਡਮ ਗੁਰਜਾਪ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਗਿਆ। ਪ੍ਰੋਗਰਾਮ ਦੌਰਾਨ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਨੇ ਖੂਬ ਰੰਗ ਬੰਨ੍ਹਿਆ ਅਤੇ ਵੱਖ-ਵੱਖ ਜਮਾਤਾਂ ਦੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਪੰਜਵੀਂ ਜਮਾਤ ਦੇ ਗੁਰਨੂਰ ਸਿੰਘ ਨੇ ਪੰਜਾਬੀ ਕਵਿਤਾ ਸਟੇਜ ਤੋਂ ਬੋਲ ਕੇ ਸਭ ਦਾ ਦਿਲ ਜਿੱਤ ਲਿਆ। ਇਸ ਸਮੇਂ ਵੱਖ-ਵੱਖ ਸਕੂਲਾਂ ਤੋਂ ਅਧਿਆਪਕ ਮੁੱਖ ਅਧਿਆਪਕ ਅਤੇ ਬੱਚਿਆਂ ਦੇ ਮਾਪੇ ਵੀ ਸ਼ਾਮਲ ਹੋਏ। ਕਮਲ ਕਿਸ਼ੋਰ ਅਤੇ ਕਸ਼ਮੀਰੀ ਲਾਲ ਐਮਸੀ ਨਗਰ ਪੰਚਾਇਤ ਮਹਿਤਪੁਰ ਵੀ ਹਾਜਰ ਸਨ। ਪ੍ਰੋਗਰਾਮ ਦੇ ਚਲਦੇ ਜਸਵੰਤ ਸਿੰਘ ਹੈਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਮੁਹੇਮ , ਸੰਦੀਪ ਸਿੰਘ, ਰਾਜਕੁਮਾਰ ਰੱਤੂ ਅਤੇ ਰਣਜੀਤ ਸਿੰਘ ਸਮਰਾ ਨੂੰ ਸਕੂਲ ਦੀ ਇਮਾਰਤ ਸਾਜੀ ਵਿਚ ਯੋਗਦਾਨ ਪਾਉਣ 'ਤੇ ਸਨਮਾਨ ਦਿੱਤਾ ਗਿਆ। ਮੈਡਮ ਗੁਰਜਾਪ ਕੌਰ ਅਤੇ ਮੈਡਮ ਹਰਪਾਲ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ । ਰਤਨ ਸਿੰਘ ਤੇ ਉਨ੍ਹਾਂ ਦੀ ਟੀਮ ਅਤੇ ਐਸ ਐਮ ਸੀ ਕਮੇਟੀ ਵੱਲੋਂ ਸਕੂਲ ਦੇ ਅਧਿਆਪਕ ਜਗਜੀਤ ਸਿੰਘ ਖਸ ਈਟੀਟੀ ਨੂੰ ਸਕੂਲ ਵਿੱਚ ਦਿਨ ਰਾਤ ਮਿਹਨਤ ਕਰਨ ਅਤੇ ਬੱਚਿਆਂ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਤੇ ਹੁਣ ਤੱਕ 5 ਲੱਖ 25 ਹਜਾਰ ਰੁਪਏ ਆਪਣੀ ਕਿਰਤ ਕਮਾਈ ਵਿੱਚੋਂ ਸਕੂਲ ਉਪਰ ਖਰਚ ਕਰਨ 'ਤੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਰਿਟਾਇਰਡ ਫੌਜੀ ਜਗਦੀਸ਼ ਚੰਦਰ ਕਵਾਤਰਾ ਅਤੇ ਸ੍ਰੀਮਤੀ ਸੁਸ਼ੀਲ ਕਵਾਤਰਾ ਨੇ ਅਧਿਆਪਕਾਂ ਦੀ ਖੂਬ ਪ੍ਰਸੰਸਾ ਕੀਤੀ। ਇਸ ਮੌਕੇ ਜਗਦੇਵ ਸਿੰਘ ਰਿਟਾਇਰਡ ਫੌਜੀ, ਦਿਲਬਾਗ ਸਿੰਘ ਹੈੱਡ ਟੀਚਰ , ਸ਼ੇਖਰ ਚੰਦਰ ਹੈਡਟੀਚਰ,ਗੁਰਪ੍ਰੀਤ ਸਿੰਘ, ਸੰਦੀਪ ,ਸ੍ਰੀਮਤੀ ਮਨਜੀਤ ਕੌਰ ਹੈੱਡ ਟੀਚਰ ,ਸ੍ਰੀਮਤੀ ਜਸਪ੍ਰੀਤ ਕੌਰ ਸੀਐਚਟੀ, ਸ੍ਰੀਮਤੀ ਸਤਵਿੰਦਰ ਕੌਰ ਹੈੱਡ ਟੀਚਰ , ਲਖਵਿੰਦਰ ਸਿੰਘ ਸਮਰਾ ਹੈੱਡਟੀਚਰ, ਗਗਨ ਗੁਪਤਾ, ਬਾਵਾ ਸਿੰਘ ,ਸ਼ੁਭਾਸ਼ ਚੰਦਰ ,ਪਰਮਜੀਤ ਸਿੰਘ ,ਹਰਪ੍ਰੀਤ ਕੌਰ ਬੀਟਲ ਝੁੱਗੀਆਂ , ਜਸਪ੍ਰੀਤ ਕੌਰ ਲੋਹਗੜ੍ਹ,ਚੇਅਰਮੈਨ ਸ੍ਰੀਮਤੀ ਪ੍ਰੀਤੀ, ਮਨਜੀਤ ਕੌਰ ਆਂਗਨਵਾੜੀ , ਹੀਰਾ ਲਾਲ, ਕੁਲਵਿੰਦਰਪਾਲ ,ਰਮਨਦੀਪ ਸਿੰਘ ਭੋਗਪੁਰ, ਮੈਡਮ ਗੁਰਪਾਲ ਕੌਰ ਹੈੱਡ ਟੀਚਰ, ਪਿਆਰਾ ਸਿੰਘ ਹੈੱਡ ਟੀਚਰ, ਮੈਡਮ ਕਮਲਜੀਤ ਕੌਰ, ਸੁਖਵੀਰ ਕੌਰ ਅਧਿਆਪਕਾ ਅਤੇ ਰਮਨ ਪ੍ਰੀਤ ਸੇਠੀ ਆਦਿ ਅਧਿਆਪਕ ਹਾਜਰ ਹੋਏ।

ਪਵਾਰ ਵੱਲੋਂ ਜ਼ਿਲ੍ਹਾ ਜਲੰਧਰ ਦੇ ਮੰਡਲ ਪ੍ਰਧਾਨ ਨਿਯੁਕਤ

ਫਿਲੌਰ (ਨਿਰਮਲ)- ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਪ੍ਰਧਾਨ ਰਣਜੀਤ ਸਿੰਘ ਪਵਾਰ ਵੱਲੋਂ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਮੰਡਲ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਫਿਲੌਰ ਮੰਡਲ ਦਾ ਪ੍ਰਧਾਨ ਵਿਨੋਦ ਰਹੇਜਾ, ਗੁਰਾਇਆਂ ਮੰਡਲ ਦਾ ਬਲਵਿੰਦਰ ਸ਼ਰਮਾ, ਅੱਪਰਾ ਮੰਡਲ ਦਾ ਅਭਿਸ਼ੇਕ ਸਿੰਘ, ਆਦਮਪੁਰ ਮੰਡਲ ਦਾ ਰਾਜੀਵ ਸਿੰਗਲਾ, ਕਠਾਰ ਮੰਡਲ ਦਾ ਪਲਵਿੰਦਰ ਸਿੰਘ, ਪਤਾਰਾ ਮੰਡਲ ਦਾ ਰਾਜ ਕੁਮਾਰ ਜੋਗੀ, ਕਰਤਾਰਪੁਰ-1 ਮੰਡਲ ਦਾ ਪਵਨ ਠਾਕੁਰ, ਕਰਤਾਰਪੁਰ-2 ਮੰਡਲ ਦਾ ਸਨੀ ਸੱਭਰਵਾਲ, ਜੰਡੂ ਸਿੰਘਾ ਮੰਡਲ ਦਾ ਅਰਜੁਨ ਤਿਵਾੜੀ ਅਤੇ ਪਚਰਾਂਗਾ ਮੰਡਲ ਦਾ ਚਰਨਜੀਤ ਸਿੰਘ ਨੂੰ ਪ੍ਰਧਾਨ ਨਿਯੁਕਤ ਕੀਤਾ। ਪਵਾਰ ਨੇ ਕਿਹਾ ਕਿ ਅਜੇ ਹੋਰ 5 ਮੰਡਲਾਂ ਦੀਆਂ ਨਿਯੁਕਤੀਆਂ ਕਰਨੀਆਂ ਬਾਕੀ ਹਨ, ਜੋ ਕਿ ਜਲਦ ਹੀ ਕਰ ਦਿੱਤੀਆਂ ਜਾਣਗੀਆਂ।

ਅਧਿਆਪਕ ਯੋਗਤਾ ਪ੍ਰੀਖਿਆ ਲਈ ਮੁਫਤ ਕੋਚਿੰਗ ਪ੍ਰੋਗਰਾਮ

ਫਗਵਾੜਾ (ਡਾ. ਰਮਨ)-ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ,ਫਗਵਾੜਾ ਵਿਖੇ ਪੰਜਾਬ ਰਾਜ ਅਧਿਆਪਕ ਯੋਗਤਾ ਪ੍ਰੀਖਿਆ ਲਈ ਮੁਫਤ ਕੋਚਿੰਗ ਦਾ ਆਯੋਜਨ ਕੀਤਾ ਗਿਆ। ਰਾਜ ਸਰਕਾਰ ਵੱਲੋਂ ਯੋਗ ਅਧਿਆਪਕਾਂ ਦੀ ਚੋਣ ਕਰਨ ਲਈ ਇਹ ਟੈਸਟ ਲਿਆ ਜਾਂਦਾ ਹੈ। ਇਸ ਮੁਫਤ ਕੋਚਿੰਗ ਪ੍ਰੋਗਰਾਮ ਦਾ ਆਯੋਜਨ ਕਾਲਜ ਦੇ ਪਲੇਸਮੈਂਟ ਸੈੱਲ ਦੁਆਰਾ ਕੌਂਸਲ ਫਾਰ ਟੀਚਰ ਐਜੂਕੇਸ਼ਨ ਫਾਉਂਡੇਸ਼ਨ (ਸੀ.ਟੀ.ਈ.ਐੱਫ) ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਪ੍ਰੋਗਰਾਮ ਦੇ ਤਹਿਤ ਕਾਲਜ ਦੇ ਨਿਪੁੰਨ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਜਨਰਲ ਅਵੇਅਰਨੈੱਸ, ਟੀਚਿੰਗ ਪੋਟੈਸ਼ੀਅਲ, ਮਨੋਵਿਗਿਆਨ, ਸਮਾਜਿਕ ਵਿਗਿਆਨ ਅਤੇ ਸਾਇੰਸ, ਮੈਥੇਮੈਟਿਕਸ ਅਤੇ ਲੈਂਗੂਏਜ ਪ੍ਰੋਫੀਸ਼ੀਐਂਸੀ ਵਰਗੇ ਵਿਸ਼ਿਆ ਵਿੱਚ ਸਿਖਲਾਈ ਦਿੱਤੀ ਗਈ।ਇਸ ਪ੍ਰੋਗਰਾਮ ਦੀ ਖਾਸੀਅਤ ਇਸਦਾ ਲੈਂਗੂਏਜ਼ ਪ੍ਰੋਫੀਸ਼ੀਐਂਸੀ ਵਿਸ਼ੇ 'ਤੇ ਸੈਸ਼ਨ ਸੀ ਜਿਸਦੇ ਰਿਸੋਰਸ ਪਰਸਨ ਸਿੱਖਿਆ ਖੇਤਰ ਦੀ ਉੱਘੀ ਸ਼ਖਸੀਅਤ ਅਤੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਸਨ ਜਿਹਨਾਂ ਨੇ ਵਿਦਿਆਰਥੀਆਂ ਨਾਲ ਅੰਗਰੇਜ਼ੀ ਭਾਸ਼ਾ ਦੇ ਵੱਖ-ਵੱਖ ਪੱਖਾਂ ਜਿਵੇਂ ਅੰਗਰੇਜੀ ਵਿਆਕਰਨ ਭਾਸ਼ਾ ਦਾ ਉਚਾਰਨ, ਭਾਸ਼ਾਈ ਔਕੜਾਂ ਗੀਮੀਡੀਅਲ ਟੀਚਿੰਗ ਬਾਰੇ ਵਿਚਾਰ ਚਰਚਾ ਕੀਤੀ। ਕੋਚਿੰਗ ਤੋਂ ਬਾਅਦ ਵਿਦਿਆਰਥੀਆਂ ਦਾ ਮੌਕੇ 'ਤੇ ਟੈਸਟ ਵੀ ਲਿਆ ਜਾਵੇਗਾ। ਇਸ ਟੈਸਟ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਪੀ.ਐੱਸ.ਟੈੱਟ ਪੇਪਰ ਦੇ ਪੈਟਰਨ ਦੇ ਅਨੁਸਾਰ ਅਭਿਆਸ ਕਰਾਉਣਾ ਹੈ। ਟੈਸਟ ਉਪਰੰਤ ਹੀ ਵਿਦਿਆਰਥੀਆਂ ਨੂੰ ਉਹਨਾ ਦੇ ਪ੍ਰਾਪਤ ਅੰਕ ਵੀ ਦੱਸੇ ਜਾਣਗੇ ਤਾਂ ਜੋ ਉਹ ਆਪਣਾ ਸਵੈ ਮੁਲਾਂਕਣ ਕਰ ਸਕਣ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਕਾਲਜ ਵਿੱਚ ਆਯੋਜਿਤ ਕੀਤੇ ਕੋਚਿੰਗ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ। ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਨੇ ਆਏ ਹੋਏ ਰਿਸੋਰਸ ਪਰਸਨ ਦਾ ਸੁਆਗਤ ਕੀਤਾ ਅਤੇ ਵਿਦਿਆਰਥੀਆਂ ਨੂੰ ਸੀ.ਟੀ.ਈ.ਐੱਫ. ਦਾ ਮੈਂਬਰ ਬਣਨ ਲਈ ਪ੍ਰੇਰਿਤ ਵੀ ਕੀਤਾ। ਉਨ੍ਹਾਂ ਕਿਹਾ ਕਿ ਮੁਫਤ ਕੋਚਿੰਗ ਪ੍ਰੋਗਰਾਮ ਕਾਲਜ ਦੀ ਇੱਕ ਨਿਯਮਤ ਵਿਸ਼ੇਸ਼ਤਾ ਹੈ। ਹਰ ਸਾਲ ਵਿਦਿਆਰਥੀ ਅਧਿਆਪਕ ਯੋਗਤਾ ਪ੍ਰੀਖਿਆਵਾਂ ਵਿੱਚ ਸ਼ਾਮਿਲ ਹੁੰਦੇ ਹਨ ਅਤੇ ਚੰਗੇ ਅੰਕਾਂ ਨਾਲ ਪਾਸ ਹੋ ਕੇ ਕਾਲਜ ਦਾ ਮਾਣ ਵਧਾਉਂਦੇ ਹਨ।

ਸ਼ਹੀਦਾਂ ਨੂੰ ਵੱਖ-ਵੱਖ ਸੰਸਥਾਵਾਂ ਵਲੋਂ ਸ਼ਰਧਾਂਜਲੀ ਭੇਟ

ਰੋਪੜ (ਬਿੰਦਰਾ) ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਉਹਨਾਂ ਦੇ ਸ਼ਹੀਦੀ ਦਿਵਸ ਤੇ ਇਥੇ ਵੱਖ ਵੱਖ ਸੰਸਥਾਵਾਂ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਯੂਥ ਕਲੱਬ ਤਾਲਮੇਲ ਕਮੇਟੀ ਵਲੋਂ ਬੇਲਾ ਚੌਕ ਪਾਰਕ ਵਿੱਚ ਖੂਨਦਾਨ ਕੈਂਪ ਲਗਾਇਆ ਗਿਆ। ਜਿਸ ਵਿੱਚ 153 ਵਿਅਕਤੀਆਂ ਖੂਨਦਾਨ ਲਈ ਪੁੱਜੇ। ਸਿਵਲ ਹਸਪਤਾਲ ਰੋਪੜ ਦੇ ਡਾਕਟਰ ਤਬਲੀਨ ਦੀ ਟੀਮ ਨੇ 123 ਯੂਨਿਟ ਖੂਨ ਇਕੱਠਾ ਕੀਤਾ ਗਿਆ। ਸੁਰਿੰਦਰ ਸੈਣੀ ਡਾਇਰੈਕਟਰ ਨਹਿਰੂ ਯੁਵਾ ਕੇਂਦਰ ਚੰਡੀਗੜ੍ਹ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੰਕਜ ਯਾਦਵ ਕੋਆਰਡੀਨੇਟਰ, ਸਹਾਇਕ ਡਾਇਰੈਕਟਰ ਮਨਤੇਜ ਸਿੰਘ ਨੇ ਖੂਨਦਾਨ ਕਰਨ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ। ਲੈਮਰਨ ਟੈੱਕ ਸਕਿਲਜ ਯੂਨੀਵਰਸਿਟੀ ਵਿੱਚ ਸ਼ਹੀਦੀ ਦਿਵਸ ਮਨਾਇਆ ਗਿਆ। ਰਜਿਸਟਰਾਰ ਬੀ ਐੱਸ ਸਤਿਆਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਬਾਰੇ ਅਤੇ ਉਨ੍ਹਾਂ ਦੇ ਵਿਚਾਰਾਂ ਬਾਰੇ ਦਸਦਿਆਂ ਕਿਹਾ ਕਿ ਉਹਨਾ ਦੇਸ਼ ਦੀ ਆਜਾਦੀ ਲਈ ਨੌਜਵਾਨਾਂ ਦੀ ਕੁਰਬਾਨੀ ਲਈ ਪ੍ਰੇਰਿਆ । ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ। ਸਰਕਾਰੀ ਕਾਲਜ ਰੋਪੜ ਵਿੱਚ ਸ਼ਹੀਦੀ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਨੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ। ਇਤਿਹਾਸ ਵਿਭਾਗ ਦੇ ਮੁਖੀ ਮਨਜਿੰਦਰ ਸਿੰਘ ਨੇ ਆਜਾਦੀ ਦੀ ਲਹਿਰ ਵਿੱਚ ਪੰਜਾਬੀਆਂ ਦੀਆਂ ਕੁਰਬਾਨੀਆਂ ਬਾਰੇ ਵਿਸਥਾਰ ਨਾਲ ਦੱਸਿਆ। ਡਾ. ਨਿਰਮਲ ਸਿੰਘ ਬਰਾੜ ਨੇ ਦਿਲਟੁੰਬਵੀ ਕਵਿਤਾ " ਸਲਾਮ " ਪੇਸ਼ ਕੀਤੀ। ਵਿਦਿਆਰਥਣਾਂ ਹਰਵਿੰਦਰ ਕੌਰ,ਆਕਿਰਤੀ ਤਿਵਾੜੀ, ਸਿਮਰਨ ਨੇ ਸ਼ਸਹੀਦਾਂ ਬਾਰੇ ਕਵਿਤਾਵਾਂ ਪੇਸ਼ ਕੀਤੀਆਂ। ਟਰੇਡ ਯੂਨੀਅਨ ਸੈਂਟਰ ਵਲੋਂ ਜੀ ਐਮ ਐਨ ਸਕੂਲ ਵਿੱਚ ਸਮਾਗਮ ਕੀਤਾ ਗਿਆ। ਬੀ ਐੱਸ ਸੈਣੀ, ਪਰੋ, ਸੁਰਜਨ ਸਿੰਘ, ਨਰਿੰਦਰ ਸਿੰਘ ਓਬਰਾਏ , ਅਵਤਾਰ ਸਿੰਘ ਲੋਦੀਮਾਜਰਾ ਆਦਿ ਨੇ ਸੰਬੋਧਨ ਕੀਤਾ। ਰੋਪੜ ਥਰਮਲ ਪਲਾਂਟ ਦੇ ਗੇਟ ਅੱਗੇ ਸਾਂਝਾ ਮੰਚ ਥਰਮਲ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਜਲਸਾ ਕੀਤਾ ਗਿਆ। ਵੱਖ ਵੱਖ ਬੁਲਾਰਿਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਜੋਤੀ ਸਵਰੂਪ ਦਾ ਆਗਮਨ ਤੇ ਸਨਮਾਨ 7 ਨੂੰ

ਕਰਤਾਰਪੁਰ,(ਹਰਮੇਸ਼ ਦੱਤ) ਮਾਂ ਭਗਵਤੀ ਸੇਵਾ ਸੰਮਤੀ ਰਜਿਸਟਰਡ ਕਰਤਾਰਪੁਰ ਦੀ ਤਰਫੋਂ ਚੌਥਾ ਸਾਲਾਨਾ ਮਹਾਯੱਗ ਕਰਵਾਇਆ ਜਾ ਰਿਹਾ ਹੈ। ਵੱਖ-ਵੱਖ ਸ਼ਕਤੀਪੀਠਾਂ ਅਤੇ ਮਹਾਮਾਈ ਜੀ ਦੇ ਪ੍ਰਾਚੀਨ ਹਨੂੰਮਾਨ ਮੰਦਰ ਤੋਂ ਬਾਲਾਜੀ ਦੇ ਜੋਤੀ ਸਵਰੂਪ ਦਾ ਆਗਮਨ ਅਤੇ ਸਨਮਾਨ 7 ਅਪ੍ਰੈਲ ਨੂੰ ਕੀਤਾ ਜਾਵੇਗਾ। ਮਾਤਾ ਰਾਣੀ ਜੀ ਦੇ ਸ਼ਰਧਾਲੂ 6 ਅਪ੍ਰੈਲ ਨੂੰ ਮਹਾਮਾਈ ਦੇ ਦਰਬਾਰ ਤੋਂ ਜੋਤੀ ਸਵਰੂਪ ਲਿਆਉਣ ਲਈ ਰਵਾਨਾ ਹੋਣਗੇ। 7 ਅਪ੍ਰੈਲ ਨੂੰ ਕਰਤਾਰਪੁਰ ਵਿਖੇ ਜੋਤੀ ਸਵਰੂਪ ਦੇ ਆਗਮਨ ਪੁਰਬ ਦਾ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ ਅਤੇ ਸਰਧਾਲੂਆਂ ਦੇ ਦਰਸ਼ਨਾਂ ਲਈ ਗਊਸ਼ਾਲਾ ਮੰਦਰ ਵਿਚ ਜੋਤਿ ਸਰੂਪ ਬਿਰਾਜਮਾਨ ਹੋਣਗੇ।

ਰਾਤ ਨੂੰ ਮਹੰਤ ਪ੍ਰਵੀਨ ਵਿੱਕੀ ਕਰਤਾਰਪੁਰ ਵਾਲੇ, ਪ੍ਰਸਿੱਧ ਧਾਰਮਿਕ ਗਾਇਕ ਰੇਖਾ ਸ਼ਰਮਾ ਵੱਲੋਂ ਸ੍ਰੀ ਦੁਰਗਾ ਸਤੂਤੀ ਦਾ ਪਾਠ ਕੀਤਾ ਜਾਵੇਗਾ। ਆਸ਼ੂ ਲਾਹੌਰੀਆ 8 ਅਪ੍ਰੈਲ ਨੂੰ ਧਾਰਮਿਕ ਗਾਇਕ ਮਹਾਮਾਈ ਦਾ ਗੁਣਗਾਨ ਕਰਨਗੇ। 9 ਅਪ੍ਰੈਲ ਨੂੰ ਕੰਜਕ ਦੀ ਪੂਜਾ ਕਰਨ ਉਪਰੰਤ ਮਹਾਮਾਈ ਜੀ ਦੀ ਪਵਿੱਤਰ ਜੋਤ ਜਗਾ ਕੇ ਆਪੋ-ਆਪਣੇ ਨਿਵਾਸ ਲਈ ਰਵਾਨਾ ਹੋਣਗੇ। ਇਸ ਮੌਕੇ ਪ੍ਰਧਾਨ ਸੰਦੀਪ ਭਾਟੀਆ, ਕੌਂਸਲਰ ਬਾਲਮੁਕੰਦ ਬਾਲੀ, ਮਾਸਟਰ ਅੰਮ੍ਰਿਤ ਸ਼ਰਮਾ, ਪਵਨ ਸ਼ਰਮਾ, ਅਨਿਲ ਸ਼ਰਮਾ, ਅਗਰਵਾਲ, ਦੀਪਕ ਦੀਪਾ, ਸੰਨੀ, ਅਸ਼ੋਕ ਬਿੱਟੂ, ਆਪ ਆਗੂ ਵਰੁਣ ਬਾਬਾ, ਨੀਰਜ ਅਰੋੜਾ, ਸੁਦੇਸ਼ ਕੁਮਾਰ, ਰਿੱਕੀ ਸੇਠ, ਜਸਵਿੰਦਰ ਬਬਲਾ, ਪੰਡਿਤ ਵੇਦ ਆਦਿ ਹਾਜਰ ਸਨ।

ਸ਼੍ਰੋਮਣੀ ਅਕਾਲੀ ਦਲ ਨੇ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

ਆਦਮਪੁਰ (ਪਰਮਜੀਤ ਸਿੰਘ)-ਨਾਇਬ ਤਹਿਸੀਲਦਾਰ ਓਂਕਾਰ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੰਗ ਪੱਤਰ ਦਿੰਦਿਆਂ ਕਿਹਾ ਕਿ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦੇ ਹਾਂ ਕਿ ਵਾਰਸ ਪੰਜਾਬ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਨੌਜਵਾਨਾਂ ਉਪਰ ਲਗਾਏ ਜਾ ਰਹੇ ਨੈਸ਼ਨਲ ਸੁਰੱਖਿਆ ਕਾਨੂੰਨੀ ਐਕਟ ਦੀ ਧਾਰਾ ਨੂੰ ਤਰੁੰਤ ਹਟਾਇਆ ਜਾਵੇ ਅਤੇ ਅਸਾਮ ਦੀ ਜੇਲ੍ਹ ਵਿੱਚ ਨਜਰਬੰਦ ਨੌਜਵਾਨਾਂ ਨੂੰ ਜਲਦ ਤੋਂ ਜਲਦ ਰਿਹਾਅ ਕੀਤਾ ਜਾਵੇ। ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਦੀ ਮਿਲੀ ਭੁਗਤ ਨਾਲ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਅਤੇ ਸਿੱਖ ਕੌਮ ਨੂੰ ਦੁਨੀਆਂ ਭਰ ਵਿੱਚ ਬਦਨਾਮ ਕਰਨ ਦੀਆਂ ਕੋਝੀਆਂ ਚਾਲਾਂ ਨੂੰ ਤੁਰੰਤ ਬੰਦ ਕੀਤਾ ਜਾਵੇ। ਉਨ੍ਹਾਂ ਚਿਤਵਾਨੀ ਦਿੰਦੇ ਹੋਏ ਕਿਹਾ ਕਿ ਜੇਕਰ ਬੇਕਸੂਰ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕਰਨਾ ਬੰਦ ਨਹੀਂ ਕੀਤਾ ਤਾਂ ਫਿਰ ਇਸ ਖਿਲਾਫ ਵੱਡਾ ਸੰਘਰਸ਼ ਕੀਤਾ ਜਾ

25-MAR-PAGE-10.qxd 3/24/2023 9:54 PM Page 1

ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ ਵੱਲੋਂ ਸਿਹਤ ਮੰਤਰੀ ਦੀ ਕੋਠੀ ਵੱਲ ਵਿਸ਼ਾਲ ਰੋਸ ਮਾਰਚ

ਪਟਿਆਲਾ (ਨਵਾਂ ਜ਼ਮਾਨਾ ਸਰਵਿਸ)

ਜਿੱਥੇ ਪੰਜਾਬ ਸਰਕਾਰ ਬੀਤੇ ਦਿਨ ਵੱਖ-ਵੱਖ ਤਰੀਕਿਆਂ ਨਾਲ ਸ੍ਰ. ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾ ਰਹੀ ਸੀ, ਉਥੇ ਪੰਜਾਬੀ ਯੂਨੀਵਰਸਿਟੀ ਦੇ ਵੱਡੀ ਗਿਣਤੀ ਅਧਿਆਪਕਾਂ, ਵਿਦਿਆਰਥੀਆਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪਟਿਆਲਾ ਦੇ ਪਾਸੀ ਰੋਡ ਉੱਤੇ ਸਥਿਤ ਸਿਹਤ ਮੰਤਰੀ ਦੀ ਰਿਹਾਇਸ਼ ਵੱਲ ਨੂੰ ਰੋਹ ਭਰਪੂਰ ਇੱਕ ਵੱਡਾ ਰੋਸ ਮਾਰਚ ਕੱਢਿਆ। ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚੇ ਦੀ ਤਾਲਮੇਲ ਕਮੇਟੀ ਨੇ ਦੋ ਦਿਨ ਪਹਿਲਾਂ ਇਸ ਰੋਸ ਮਾਰਚ ਬਾਰੇ ਐਲਾਨ ਕੀਤਾ ਹੋਇਆ ਸੀ ਤੇ 23 ਮਾਰਚ ਭਗਤ ਦਾ ਸ਼ਹੀਦੀ ਦਿਨ ਹੋਣ ਕਰਕੇ ਇਸ ਰੋਸ ਮਾਰਚ ਵਿੱਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਮਰ ਰਹੇ' ਦੇ ਨਾਅਰੇ ਵੀ ਗੂੰਜੇ। ਇਨ੍ਹਾਂ ਨਾਅਰਿਆਂ ਨੇ ਸੜਕ ਤੋਂ ਲੰਘ ਰਹੇ ਆਮ ਰਾਹਗੀਰਾਂ ਵਿੱਚ ਵੀ ਜੋਸ਼ ਭਰ ਦਿੱਤਾ। ਪੰਜਾਬੀ ਯੂਨੀਵਰਸਿਟੀ ਦੇ ਮੋਰਚੇ ਵਿੱਚੋਂ ਵਿਦਿਆਰਥੀ ਤੇ ਅਧਿਆਪਕ ਮੁਲਾਜ਼ਮ ਬੱਸਾਂ ਅਤੇ ਕਾਰਾਂ ਵਿੱਚ ਸਵਾਰ ਹੋ ਕੇ ਪਟਿਆਲਾ ਦੇ ਪੁੱਡਾ ਮੈਦਾਨ, ਤ੍ਰਿਪੜੀ 'ਚ ਇਕੱਠੇ ਹੋਣੇ ਸ਼ੁਰੂ ਹੋਏ। ਇਥੇ ਪਹਿਲਾਂ ਹੀ ਵੱਡੀ ਗਿਣਤੀ 'ਚ ਪੁਲਸ ਫੋਰਸ ਵੀ ਤਾਇਨਾਤ ਸੀ। ਪੁਲਸ ਨੇ ਡਾ. ਬਲਵੀਰ ਸਿੰਘ ਦੇ ਘਰ ਨਾ ਹੋਣ ਦਾ ਬਹਾਨਾ ਦੇ ਕੇ ਮੋਰਚੇ ਨੂੰ ਉਥੇ ਹੀ ਰੋਕਣ ਦੀ ਵੀ ਕੋਸ਼ਿਸ਼ ਕੀਤੀ, ਪਰ ਮੋਰਚੇ ਨੇ ਸਿਹਤ ਮੰਤਰੀ ਦੀ ਕੋਠੀ ਤੱਕ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ। ਰੋਸ ਮਾਰਚ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵੱਲੋਂ

ਵਰਿੰਦਰ ਨੇ ਬੋਲਦਿਆਂ ਆਖਿਆ ਕਿ ਪੰਜਾਬ ਸਰਕਾਰ ਨੇ ਸ਼ਹੀਦ ਭਗਤ ਸਿੰਘ ਦੇ ਪੂਰਨਿਆਂ ਉੱਤੇ ਚੱਲਣ ਦਾ ਝੂਠਾ ਢੋਂਗ ਰਚਾਇਆ ਹੋਇਆ ਹੈ, ਜੋ ਕਿ ਦਿਨੋਂ ਦਿਨ ਇਨ੍ਹਾਂ ਦੀਆਂ ਨੀਤੀਆਂ ਤੋਂ ਸਪੱਸ਼ਟ ਹੋ ਗਿਆ ਹੈ। ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਆਖਿਆ ਕਿ ਪੰਜਾਬੀ ਯੂਨੀਵਰਸਿਟੀ ਨੇ 285 ਕਰੋੜ ਦੇ ਘਾਟੇ ਦਾ ਬਜਟ ਪੇਸ਼ ਕੀਤਾ ਹੈ, ਜੋ ਪੰਜਾਬ ਸਰਕਾਰ ਦੀ ਤੁਰੰਤ ਧਿਆਨ ਮੰਗਦੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੇ ਨੇਤਾ ਗ੍ਰਾਂਟ ਘਟਾ ਕੇ ਤੇ ਕਰਜ਼ਮੁਕਤੀ ਉੱਤੇ ਚੁੱਪੀ ਧਾਰ ਕੇ ਪੰਜਾਬੀ ਤੇ ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬੀਅਤ ਨਾਲ਼ ਗੱਦਾਰੀ ਕਰ ਰਹੇ ਹਨ। ਪੰਜਾਬ ਰੈਡੀਕਲ ਸਟੂਡੈਂਟ ਯੂਨੀਅਨ ਦੇ ਰਸ਼ਪਿੰਦਰ ਜਿੰਮੀ ਨੇ ਪੰਜਾਬ ਸਰਕਾਰ ਉੱਤੇ ਭੜਾਸ ਕੱਢਦਿਆਂ ਆਖਿਆ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਯੂਨੀਵਰਸਿਟੀ ਦੇ ਗੇਟ ਤੋਂ ਬਾਹਰ ਨਿੱਕਲ ਕੇ ਮੁਜ਼ਾਹਰੇ ਕਰਨ ਲਈ ਮਜਬੂਰ ਕਰ ਦਿੱਤਾ ਹੈ। ਇਹ ਰੋਸ ਮਾਰਚ ਪੁੱਡਾ ਮੈਦਾਨ ਤੋਂ ਚੱਲ ਕੇ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਤੋਂ ਹੁੰਦਾ ਹੋਇਆ ਪਾਸੀ ਰੋਡ ਉੱਤੇ ਮੰਤਰੀ ਬਲਵੀਰ ਸਿੰਘ ਦੀ ਕੋਠੀ ਵੱਲ ਚੱਲਿਆ ਤੇ ਉਸ ਦੇ ਘਰ ਸਾਹਮਣੇ ਸੜਕ ਰੋਕ ਕੇ ਤਕਰੀਬਨ ਦੋ ਘੰਟੇ ਦਾ ਧਰਨਾ ਮਾਰ ਕੇ ਜਾਮ ਲਾਇਆ। ਇਥੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਕਾਫਲੇ 'ਚ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਹੱਥਾਂ ਵਿੱਚ ਨਾਅਰੇ ਵਾਲੀਆਂ ਤਖ਼ਤੀਆਂ ਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਵੀ ਫੜੀਆਂ ਹੋਈਆਂ ਸਨ।

ਪੰਜਾਬ ਸਟੂਡੈਂਟ ਯੂਨੀਅਨ ਦੇ ਵਿਦਿਆਰਥੀ ਲੀਡਰ ਅਮਨਦੀਪ ਖਿਓਵਾਲੀ ਨੇ ਸੰਬੋਧਨ ਕਰਦੇ ਕਿਹਾ ਕਿ ਪੰਜਾਬ ਸਰਕਾਰ ਦੀ ਦਿੱਤੀ ਗਰੰਟੀ ਇੱਕ ਸਾਲ ਵਿੱਚ ਖਤਮ ਹੋ ਗਈ ਹੈ ਤੇ ਇਸ ਸਰਕਾਰ ਦਾ ਉੱਚ ਸਿੱਖਿਆ ਵਿਰੋਧੀ ਦਾ ਅਸਲ ਚਿਹਰਾ ਲੋਕਾਂ ਸਾਹਮਣੇ ਆ ਚੁੱਕਿਆ ਹੈ। ਪੂਟਾ ਦੇ ਲੀਡਰ ਡਾ. ਰਾਜਦੀਪ ਸਿੰਘ ਨੇ ਆਖਿਆ ਕਿ ਜਿਹੜੇ ਆਮ ਲੋਕਾਂ ਨੇ ਬੜੇ ਚਾਅ ਨਾਲ ਸਰਕਾਰ ਨੂੰ ਏਨਾ ਵੱਡਾ ਮੈਂਡੇਟ ਦਿੱਤਾ ਸੀ, ਉਹੀ ਸਰਕਾਰ ਆਮ ਲੋਕਾਂ ਦੇ ਬੱਚਿਆਂ ਨੂੰ ਉੱਚ ਸਿੱਖਿਆ ਤੋਂ ਵਾਂਝੇ ਕਰਨ ਵੱਲ ਜਾ ਰਹੀ ਹੈ, ਜੋ ਕਿ ਅੱਤ ਮੰਦਭਾਗਾ ਹੈ। ਅੰਤ ਵਿੱਚ ਮੋਰਚੇ ਵੱਲੋਂ ਮੰਗ ਪੱਤਰ ਸਿਹਤ ਮੰਤਰੀ ਦੇ ਬੇਟੇ ਤੇ ਉਨ੍ਹਾਂ ਦੇ ਓ ਐੱਸ ਡੀ ਨੂੰ ਦੇ ਕੇ ਰੋਸ ਮਾਰਚ ਵਾਪਸ ਪੁੱਡਾ ਮੈਦਾਨ ਵਿੱਚ ਆ ਕੇ ਖਤਮ ਕਰ ਦਿੱਤਾ ਗਿਆ।

ਇਸ ਮੋਰਚੇ 'ਚ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਤੋਂ ਗੁਰਦੀਪ ਤੇ ਕਲਮਦੀਪ ਜਲੂਰ, ਪੰਜਾਬ ਸਟੂਡੈਂਟ ਯੂਨੀਅਨ (ਲਲਕਾਰ) ਤੋਂ ਗੁਰਪ੍ਰੀਤ ਤੇ ਰਤਨ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਤੋਂ ਵਰਿੰਦਰ ਤੇ ਪ੍ਰਿਤਪਾਲ, ਪੰਜਾਬ ਰੈਡੀਕਲ ਸਟੂਡੈਂਟ ਯੂਨੀਅਨ ਤੋਂ ਰਸ਼ਪਿੰਦਰ ਜ਼ਿੰਮੀਂ, ਪੀ ਐੱਸ ਐੱਫ ਤੋਂ ਗਗਨ, ਪੰਜਾਬ ਸਟੂਡੈਂਟ ਫੈਡਰੇਸ਼ਨ (ਰੰਧਾਵਾ) ਤੋਂ ਬਲਵਿੰਦਰ ਤੇ ਡਾ. ਅੰਬੇਡਕਰ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਤੋਂ ਕ੍ਰਾਂਤੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚੋਂ ਡਾ. ਗੁਰਨਾਮ ਵਿਰਕ, ਡਾ. ਮੋਹਨ ਤਿਆਗੀ, ਡਾ. ਗੁਰਜੰਟ ਸਿੰਘ ਤੇ ਡਾ. ਚਰਨਜੀਤ ਨੌਹਰਾ ਨੇ ਭਾਗ ਲਿਆ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਅਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ

ਸ਼ਹੀਦਾਂ ਦੀ ਸੋਚ ਨੂੰ ਸਮਰਪਤ ਨਤੀਜਾ ਜ਼ੀਰੋ ਨੁੱਕੜ ਨਾਟਕ ਦੀ ਸਫਲ ਪੇਸ਼ਕਾਰੀ

ਨਾਭਾ (ਵਰਿੰਦਰ ਵਰਮਾ)

ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਯੋਧੇ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਸੂਬਾ ਪੱਧਰੀ ਸ਼ਰਧਾਂਜਲੀ ਸਮਾਗਮ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਵੱਲੋਂ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਦੀ ਅਗਵਾਈ ਵਿੱਚ ਕਰਵਾਇਆ ਗਿਆ। ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਇਕੱਤਰ ਹੋਏ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਯਾਦ ਕੀਤਾ। ਸਮਾਜਿਕ ਬੁਰਾਈਆਂ ਤੇ ਸ਼ਹੀਦਾਂ ਦੀ ਸੋਚ ਨੂੰ ਸਮਰਪਤ ਨੁੱਕੜ ਨਾਟਕ ਨਤੀਜਾ ਜ਼ੀਰੋ ਦੀ ਸਫਲ ਪੇਸ਼ਕਾਰੀ ਵਿਦਿਆਰਥੀਆਂ ਵੱਲੋਂ ਕੀਤੀ ਗਈ। ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬਾ ਪ੍ਰਧਾਨ ਅਮਰੀਕ ਕਲਿਹਾਣਾ, ਸੂਬਾ ਕਨਵੀਨਰ ਪ੍ਰਕਾਸ਼ ਧਾਲੀਵਾਲ, ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ, ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ

ਸਿੰਘ ਧਾਲੀਵਾਲ ਸੋਨੀ ਨੇ ਕਿਹਾ ਕਿ 23 ਮਾਰਚ ਨੂੰ ਹਰ ਸਾਲ ਜਥੇਬੰਦੀ ਵੱਲੋਂ ਵੱਖ ਵੱਖ ਜ਼ਿਲ੍ਹਿਆਂ ਅੰਦਰ ਸ਼ਹੀਦਾਂ ਨੂੰ ਸਮਰਪਤ ਸੂਬਾ ਪੱਧਰੀ ਸ਼ਰਧਾਂਜਲੀ ਸਮਾਗਮ ਕਰਵਾਇਆ ਜਾਂਦਾ ਹੈ। ਇਨ੍ਹਾਂ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੀਆਂ ਕੀਤੀਆਂ ਕੁਰਬਾਨੀਆਂ ਸਦਕਾ ਹੀ ਅੱਜ ਦੇਸ਼ ਵਾਸੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ। ਸਮਾਗਮ ਦੌਰਾਨ ਵੱਖ ਵੱਖ ਆਗੂਆਂ ਵੱਲੋਂ ਸ਼ਹੀਦਾਂ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਪਰਿਵਾਰਾਂ ਨਾਲ ਸਾਂਝੀ ਕੀਤੀ ਗਈ। ਜ਼ਿਲ੍ਹਾ ਜਥੇਬੰਦੀ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਹੀਦੀ ਦਿਹਾੜਾ ਮਨਾਉਣ ਲਈ ਮੀਟਿੰਗ ਹਾਲ ਦੇਣ ਲਈ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਸੂਬਾ ਸਰਪਰਸਤ ਬਾਬਾ ਭੁਪਿੰਦਰ ਸਿੰਘ, ਸੂਬਾ ਪ੍ਰਧਾਨ ਅਮਰੀਕ ਕਲਿਹਾਣਾ, ਸੂਬਾ ਕਨਵੀਨਰ ਪ੍ਰਕਾਸ਼ ਧਾਲੀਵਾਲ, ਜ਼ਿਲ੍ਹਾ ਪ੍ਰਧਾਨ ਅਮਰਪ੍ਰੀਤ ਸਿੰਘ ਬੌਬੀ, ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ, ਨਵਤੇਜ ਸਿੰਘ ਭੱਠਲ ਜ਼ਿਲ੍ਹਾ ਪ੍ਰਧਾਨ ਬਰਨਾਲਾ, ਜ਼ਿਲ੍ਹਾ ਸਰਪ੍ਰਸਤ ਅਜੀਤ ਸਿੰਘ ਧਾਲੀਵਾਲ, ਸੂਬਾ ਮੀਤ ਪ੍ਰਧਾਨ ਪ੍ਰੀਤਮ ਸਿੰਘ ਮਾਨ, ਪਰਦੁਮਨ ਸਿੰਘ ਢੀਂਡਸਾ, ਸਤਪਾਲ ਕੌਰ ਸੋਹੀ, ਬਲਜੀਤ ਕੌਰ ਮੱਲੀ ਮੀਤ ਪ੍ਰਧਾਨ, ਰਾਜ ਕੁਮਾਰ ਡਕਾਲਾ ਜਨਰਲ ਸਕੱਤਰ, ਕਮਲਦੀਪ ਸਿੰਘ ਗਿੱਲ, ਅਜੇ ਖੰਨਾ ਸੀਨੀਅਰ ਮੀਤ ਪ੍ਰਧਾਨ, ਹਰਨੇਕ ਸਿੰਘ ਭੁੱਲਰ, ਪਰਮਗੁਰਤੇਜ ਸਿੰਘ, ਸੁਖਬੀਰ ਸਿੰਘ ਨਾਭਾ, ਰਾਜਿੰਦਰ ਸਿੰਘ ਚਲੈਲਾ ਆਦਿ ਸੁਤੰਤਰਤਾ ਸੰਗਰਾਮੀ ਉੱਤਰਾਧਿਕਾਰੀ ਮੌਜੂਦ ਸਨ।

ਕਾਤਰਾਂ

ਹਮੀਦੀ 'ਚ ਤੀਸਰਾ ਕਬੱਡੀ ਕੱਪ 28 ਨੂੰ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪਿੰਡ ਹਮੀਦੀ ਵਿਖੇ ਐੱਨ ਆਰ ਆਈ ਕਬੱਡੀ ਕਲੱਬ ਵੱਲੋਂ ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਤੀਸਰਾ ਸ਼ਾਨਦਾਰ ਕਬੱਡੀ ਕੱਪ 28 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਦਵਿੰਦਰ ਸਿੰਘ ਰਾਣੂ, ਬਿੰਦਰ ਸਿੰਘ ਰਾਣੂ, ਜਸਵਿੰਦਰ ਸਿੰਘ ਮਾਂਗਟ, ਮਨਪ੍ਰੀਤ ਸਿੰਘ ਰਾਣੂ, ਜਸਵੀਰ ਸਿੰਘ ਰਾਣੂ, ਮਨਜੀਤ ਸਿੰਘ ਰਾਣੂ ਅਨੁਸਾਰ ਇਸ ਮੌਕੇ ਕਬੱਡੀ 70 ਕਿੱਲੋ ਤੇ ਕਬੱਡੀ ਓਪਨ ਇੱਕ ਪਿੰਡ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਮੌਕੇ ਕਬੱਡੀ ਓਪਨ ਦੇ ਬੈਸਟ ਰੇਡਰ, ਜਾਫੀ ਨੂੰ ਐੱਲ ਈ ਡੀ ਨਾਲ ਤੇ ਕਬੱਡੀ 70 ਕਿੱਲੋ ਦੇ ਬੈਸਟ ਰੇਡਰ ਅਤੇ ਜਾਫੀ ਨੂੰ ਪੰਜ-ਪੰਜ ਕਿੱਲੋ ਬਦਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਸਮੂਹ ਪ੍ਰਬੰਧਕਾਂ ਨੇ ਖਿਡਾਰੀਆਂ, ਖੇਡ ਪ੍ਰੇਮੀਆਂ ਨੂੰ ਇਸ ਮੌਕੇ ਪਹੁੰਚਣ ਦੀ ਅਪੀਲ ਕੀਤੀ।

ਮਾਤਾ ਸ਼ੀਲਾਵੰਤੀ ਦਾ ਦੇਹਾਂਤ, ਭੋਗ 2 ਨੂੰ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸ਼੍ਰੀਮਤੀ ਰੀਤੂ ਗੋਇਲ ਪਤਨੀ ਵਿਜੈ ਕੁਮਾਰ ਤੇ ਕੇਵਲ ਕ੍ਰਿਸ਼ਨ, ਵੇਦ ਪ੍ਰਕਾਸ਼, ਪਰਮਿੰਦਰ ਬਬਲੀ ਦੇ ਮਾਤਾ ਸ਼ੀਲਾਵੰਤੀ ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਦਾਮਨ ਥਿੰਦ ਬਾਜਵਾ, ਭਾਜਪਾ ਆਗੂ ਰਤਨ ਕੁਮਾਰ ਮੰਗੂ, ਪਵਨ ਕੁਮਾਰ ਤਾਇਲ, ਸ਼੍ਰੋਮਣੀ ਅਕਾਲੀ ਦਲ (ਅ) ਹਲਕਾ ਇੰਚਾਰਜ ਅੰਮ੍ਰਿਤਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਗਿਆਨੀ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਰਾਜਿੰਦਰ ਸਿੰਘ ਰਾਜਾ ਬੀਰ ਕਲਾਂ, ਹਰਮਨਦੇਵ ਬਾਜਵਾ, ਕਾਲਾ ਰਾਮ ਮਿੱਤਲ, ਜਥੇਦਾਰ ਮਹਿੰਦਰ ਸਿੰਘ ਦੁੱਲਟ, ਆਮ ਆਦਮੀ ਪਾਰਟੀ ਦੇ ਆਗੂ ਸ੍ਰ. ਬਲਵਿੰਦਰ ਸਿੰਘ ਢਿੱਲੋਂ, ਕਰਮ ਸਿੰਘ ਬਰਾੜ, ਨੀਟੂ ਸ਼ਰਮਾ, ਅਸ਼ੋਕ ਕੁਮਾਰ ਬਬਲੀ, ਜਸਵੀਰ ਸਿੰਘ ਲੌਂਗੋਵਾਲ ਇੰਚਾਰਜ ਸਿੱਖ ਮਿਸ਼ਨ ਦਿੱਲੀ, ਮਹਿਮਾ ਸਿੰਘ ਸ਼ਰਮਾ, ਗੁਰਮੇਲ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਹਰਦੀਪ ਸਿੰਘ ਖਹਿਰਾ, ਬਾਬਾ ਕੁਲਵੰਤ ਸਿੰਘ ਕਾਂਤੀ, ਕੈਪਟਨ ਗੁਰਵਿੰਦਰ ਸਿੰਘ, ਬਲਕਾਰ ਸਿੰਘ, ਸੰਜੈ ਕੁਮਾਰ, ਬਲਜਿੰਦਰ ਕੌਰ, ਬਲਵਿੰਦਰ ਸਿੰਘ ਸਿੱਧੂ, ਸ਼ੁੱਕਰਪਾਲ ਸਿੰਘ, ਜਗਜੀਤ ਕਾਲਾ (ਸਾਰੇ ਕੌਂਸਲਰ), ਕੁਲਦੀਪ ਸਿੰਘ ਦੂਲੋ, ਗੁਰਸੇਵਕ ਸਿੰਘ ਸਿੱਧੂ ਆਦਿ ਨੇ ਦੁੱਖ ਪ੍ਰਗਟ ਕੀਤਾ। ਇਨ੍ਹਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗਰੁੜ ਪ੍ਰਾਣ ਦਾ ਭੋਗ 2 ਅਪ੍ਰੈਲ ਦਿਨ ਐਤਵਾਰ ਨੂੰ ਕਾਲੀ ਮਾਤਾ ਮੰਦਿਰ ਸੰਗਰੂਰ ਵਿਖੇ ਪਵੇਗਾ।

ਸ੍ਰੀ ਦੁਰਗਾ ਸੇਵਾ ਦਲ ਨੇ ਲੰਗਰ ਲਗਾਇਆ

ਮੂਨਕ (ਰਾਜਪਾਲ ਸਿੰਗਲਾ)-ਮਾਤਾ ਰਾਣੀ ਦੇ ਸ਼ੁਰੂ ਹੋਏ ਚੇਤ ਦੇ ਨਵਰਾਤਿਆਂ ਨੂੰ ਲੈ ਕੇ ਸ੍ਰੀ ਦੁਰਗਾ ਸੇਵਾ ਦਲ ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 51ਵਾਂ ਮਾਤਾ ਮਨਸਾ ਦੇਵੀ ਦੇ ਚਰਨਾਂ ਵਿੱਚ ਮਾਤਾ ਦੇ ਭਗਤਾਂ ਦੇ ਲਈ ਲੰਗਰ ਲਗਾਇਆ ਗਿਆ। ਇਸ ਮੌਕੇ ਸ੍ਰੀ ਦੁਰਗਾ ਸੇਵਾ ਦਲ ਦੇ ਪੰਜਾਬ ਪ੍ਰਧਾਨ ਮੁਰਾਰੀ ਲਾਲ ਮਿੱਤਲ ਪੰਜਾਬ ਪ੍ਰਧਾਨ ਨੇ ਕਿਹਾ ਕਿ ਸਾਲ ਵਿੱਚ ਆਉਣ ਵਾਲੇ ਚੇਤ, ਅੱਸੂ ਤੇ ਸਾਵਨ ਮਹੀਨੇ ਦੇ ਨਵਰਾਤਰੇ ਨੂੰ ਮਾਤਾ ਦੇ ਸਰਧਾਲੂਆਂ ਦੇ ਲਈ ਲੜੀ ਵਾਰ ਲੰਗਰ ਸੇਵਾ ਦੇ ਨਾਲ ਨਾਲ ਫਰੀ ਮੈਡੀਕਲ ਕੈਂਪ ਵੀ ਲਗਾਏ ਜਾਂਦੇ ਹਨ। ਇਸ ਮੌਕੇ ਜੀਵਨ ਕੁਮਾਰ, ਪਿਆਰਾ ਚੰਦ ਜਰਨਲ ਸੈਕਟਰੀ ਪੰਜਾਬ, ਭੀਮ ਸੈਣ ਪ੍ਰਧਾਨ ਮੂਨਕ, ਪ੍ਰਭਜੋਤ ਸਿੰਘ ਲਾਲੀ ਸੈਕਟਰੀ, ਪੰਕਜ ਵਰਮਾ ਸਕੱਤਰ ਪੰਜਾਬ, ਅਨੂਰਾਗ ਗੋਇਲ ਸੈਕਟਰੀ ਪੰਜਾਬ, ਹਰਵਿੰਦਰ ਵਿੱਕੀ ਲੰਗਰ ਇੰਚਾਰਜ ਪੰਜਾਬ, ਭੂਵੇਸ ਅਰੋੜਾ ਪੀ ਆਰ ਓ ਪੰਜਾਬ ਤੇ ਕੱਕੀ ਅਰੋੜਾ ਮੂਨਕ ਮੌਜੂਦ ਸਨ।

ਭਾਜਪਾ ਵੱਲੋਂ ਮੀਟਿੰਗ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਮੁਕਤਸਰ ਸਾਹਿਬ ਭਾਜਪਾ ਦੀ ਮੀਟਿੰਗ ਮੌੜ ਰੋਡ ਸਥਿਤ ਮੰਡਲ-2 ਪ੍ਰਧਾਨ ਹਰੀਸ਼ ਵਾਟਸ ਦੇ ਗ੍ਰਹਿ ਵਿਖੇ ਹੋਈ, ਜਿਸ 'ਚ ਲੋਕ ਸਭਾ ਪ੍ਰਵਾਸ ਯੋਜਨਾ ਅਧੀਨ ਆਉਂਦੀਆਂ 2024 ਦੀਆਂ ਚੋਣਾਂ ਨੂੰ ਲੈ ਕੇ ਹੁਣ ਤੋਂ ਹੀ ਆਗੂਆਂ ਤੇ ਵਰਕਰਾਂ ਨੂੰ ਕਮਰ ਕੱਸਣ ਦਾ ਸੱਦਾ ਦਿੱਤਾ ਗਿਆ। ਮੀਟਿੰਗ 'ਚ ਲੋਕ ਸਭਾ ਇੰਚਾਰਜ ਗੋਪਾਲ ਸੋਨੀ ਤੇ ਹਲਕਾ ਮੁਕਤਸਰ ਇੰਚਾਰਜ ਅਤੇ ਫਾਜ਼ਿਲਕਾ ਸਹਿ-ਪ੍ਰਭਾਰੀ ਰਾਜੇਸ਼ ਗੋਰਾ ਪਠੇਲਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਭਾਜਪਾ ਆਗੂਆਂ ਤੇ ਵਰਕਰਾਂ ਨਾਲ 2024 ਦੀਆਂ ਚੋਣਾਂ

25-March-PAGE-11-Majha.qxd 3/24/2023 10:03 PM Page 1

ਪੰਜਾਬ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਕਰੇਗੀ ਸਾਕਾਰ: ਗਿੱਲ

ਨੌਸਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਸ਼ਹੀਦ ਭਗਤ ਸਿੰਘ ਨੂੰ ਪਿਛਲੇ 90 ਸਾਲਾਂ ਤੋਂ ਪੂਰਾ ਦੇਸ਼ ਦੇਸਭਗਤੀ ਦਾ ਪ੍ਰਤੀਕ ਮੰਨਦਾ ਹੈ। ਅੱਜ ਸ਼ਹੀਦ ਭਗਤ ਸਿੰਘ ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਸਮੇਂ ਮਨਦੀਪ ਸਿੰਘ ਗਿੱਲ ਜਿਲ੍ਹਾ ਪ੍ਰਧਾਨ ਯੂਥ ਵਿੰਗ ਆਮ ਆਦਮੀ ਪਾਰਟੀ ਨੇ ਕਿਹਾ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸਨ ਜੋ ਅੰਗਰੇਜ਼ੀ ਸਮਾਜ ਨੂੰ ਖਤਮ ਕਰਕੇ ਮਨੁੱਖ ਹੱਥੋਂ ਹੁੰਦੀ ਮਨੁੱਖ ਦੀ ਲੁੱਟ ਨੂੰ ਖਤਮ ਕਰਨ ਵਾਲਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ। ਪ੍ਰਧਾਨ ਮਨਦੀਪ ਗਿੱਲ ਨੇ ਕਿਹਾ ਕਿ ਦੇਸ਼ ਲਈ ਬਲੀਦਾਨ ਦੇਣ ਵਾਲੇ ਸੂਰਮਿਆਂ ਅੱਗੇ ਦੇਸ਼ ਹਮੇਸ਼ਾ ਨਤਮਸਤਕ ਰਹੇਗਾ ਅਤੇ ਸ਼ਹੀਦ ਭਗਤ ਸਿੰਘ ਵਲੋ ਸੰਜੋਏ ਸੁਪਨਿਆਂ ਨੂੰ ਸਾਕਾਰ ਕਰਨ ਲਈ ਹਰ ਵਰਗ ਨੂੰ ਆਪਣਾ ਬਣਦਾ ਯੋਗਦਾਨ ਦੇਣਾ ਚਾਹੀਦਾ ਹੈ ਤਾਂ ਜੋ ਸ਼ਹੀਦਾਂ ਵੱਲੋ ਸਿਹਤਮੰਦ ਸਮਾਜ ਦੀ ਕਲਪਨਾ ਨੂੰ ਵਾਸਤਵਿਕਤਾ ਵਿੱਚ ਤਬਦੀਲ ਕੀਤਾ ਜਾ ਸਕੇ। ਪ੍ਰਧਾਨ ਗਿੱਲ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਕੋਈ ਕਸਰ ਨਹੀਂ ਛੱਡੇਗੀ। ਪੰਜਾਬ ਸਰਕਾਰ ਲੋਕਾਂ ਦੀ ਹਿੱਸੇਦਾਰੀ ਨਾਲ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਯਤਨਸ਼ੀਲ ਹੈ।ਅਤੇ ਲੋਕ ਭਲਾਈ ਸਕੀਮਾਂ ਲਿਆ ਰਹੀ ਹੈ। ਪ੍ਰਧਾਨ ਗਿੱਲ ਨੇ ਕਿਹਾ ਕਿ ਜਿਨ੍ਹਾਂ ਸੂਰਬੀਰਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਉਹ ਹਮੇਸ਼ਾ ਲੋਕਾਂ ਦੇ ਦਿਲ ਵਿੱਚ ਅਮਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸ਼ਹੀਦ ਭਗਤ ਸਿੰਘ ਦੇ ਅਸੂਲਾਂ ਵਾਲੀ ਪਾਰਟੀ ਹੈ ਜੋ ਉਨ੍ਹਾਂ ਦੇ ਕਦਮਾਂ ਤੇ ਚਲਦੀ ਰਹੇਗੀ। ਇਸ ਮੌਕੇ ਅਮਨਦੀਪ ਸਿੰਘ, ਰਾਜਬੀਰ ਸਿੰਘ ਰਾਜੂ, ਗੁਰਦੀਪ ਸਿੰਘ ਸਿੱਧੂ, ਰਾਜਬੀਰ ਸਿੰਘ ਰੰਧਾਵਾ, ਲਖਵਿੰਦਰ ਸਿੰਘ ਲੱਖਾ, ਹੈਪੀ ਮਸੀਹ ਮੋਮਨ, ਸੀਨੀਅਰ ਆਪ ਆਗੂ ਥੇ ਗੁਲਾਮ ਨਬੀ, ਅਜੈ ਮਸੀਹ, ਰਘੁਬੀਰ ਸਿੰਘ ਢੀਂਡਸਾ, ਮਨਦੀਪ ਸਿੰਘ ਸਰਪੰਚ ਨੌਸਹਿਰਾ ਮੱਝਾ ਸਿੰਘ, ਸੰਦੀਪ ਸਿੰਘ ਆਦਿ ਹਾਜ਼ਰ ਸਨ।

ਮੈਰੀਟੋਰੀਅਸ ਸਕੂਲਾਂ 'ਚ ਵਿਦਿਆਰਥੀਆਂ ਨੂੰ ਕਰਵਾਈ ਜਾਂਦੀ ਹੈ ਮੁਫ਼ਤ ਪੜ੍ਹਾਈ : ਭਾਟੀਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਚਲਾਏ ਜਾ ਰਹੇ 10 ਮੈਰੀਟੋਰੀਅਸ ਸਕੂਲਾਂ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਦਾਖਲੇ ਦਾ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਹ 10 ਮੈਰੀਟੋਰੀਅਸ ਸਕੂਲ ਗੁਰਦਾਸਪੁਰ, ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਮੁਹਾਲੀ, ਪਟਿਆਲਾ, ਤਲਵਾੜਾ, ਸੰਗਰੂਰ, ਬਠਿੰਡਾ ਤੇ ਫਿਰੋਜਪੁਰ ਵਿਖੇ ਬਣੇ ਹੋਏ ਹਨ। ਮੈਰੀਟੋਰੀਅਸ ਸਕੂਲ ਗੁਰਦਾਸਪੁਰ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸ. ਸ.) ਅਮਰਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਇਹ ਮੈਰੀਟੋਰੀਅਸ ਸਕੂਲ ਰਹਾਇਸ਼ੀ ਸਕੂਲ ਹੈ ਅਤੇ ਇਥੇ ਨਾਨ ਮੈਡੀਕਲ, ਮੈਡੀਕਲ ਤੇ ਕਾਮਰਸ ਸਟਰੀਮ ਦੇ ਗਰੁੱਪ ਸਫਲਤਾਪੂਰਵਕ ਚੱਲ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਮੈਰੀਟੋਰੀਅਸ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਖਾਣੇ ਸਮੇਤ ਬਹੁਤ ਅੱਛੀ ਹੋਸਟਲ ਸੁਵਿਧਾ ਦਿੱਤੀ ਜਾਂਦੀ ਹੈ, ਜੋ ਕਿ ਬਿਲਕੁਲ ਮੁਫ਼ਤ ਹੈ। ਉਨ੍ਹਾਂ ਦੱਸਿਆ ਕਿ ਮੈਰੀਟੋਰੀਅਸ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੱਖ-ਵੱਖ ਮੁਕਾਬਲੇ ਦੇ ਇਮਤਿਹਾਨਾਂ ਦੀ ਕੋਚਿੰਗ ਵੀ ਮੁਫਤ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਨੂੰ ਬਾਰਵੀਂ ਤੋਂ ਬਾਅਦ ਦੀਆਂ ਦਾਖਲਾ ਪ੍ਰੀਖਿਆਵਾ ਲਈ ਟੈਸਟਾਂ ਦੀ ਦਾਖਲਾ ਫੀਸ ਵੀ ਸਰਕਾਰ ਵੱਲੋਂ ਪੇਅ ਕੀਤੀ ਜਾਂਦੀ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਦੱਸਿਆ ਕਿ ਮੈਰੀਟੋਰੀਅਸ ਸਕੂਲ ਦੇ ਬੱਚੇ ਖੇਡਾਂ ਵਿੱਚ ਵੀ ਪੰਜਾਬ ਪੱਧਰ ਤੱਕ ਉਪਲੱਬਧੀਆਂ ਹਾਸਲ ਕਰ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੂਲਾਂ ਵਿੱਚ ਸਾਰਾ ਸਟਾਫ ਉੱਚ ਤਾਲੀਮ ਜਾਫਤਾ ਹੈ। ਇਸ ਸਕੂਲ ਵਿੱਚ ਅੰਗਰੇਜ਼ੀ ਮਾਧਿਆਮ ਦੀ ਪੜ੍ਹਾਈ ਦੇ ਨਾਲ-ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਕੂਲ ਦੇ ਵਿਦਿਆਰਥੀ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਸਾਇੰਸ ਨਾਲ ਸੰਬੰਧਿਤ ਵਰਕਸ਼ਾਪ ਵਿੱਚ ਸਮੇਂ ਸਮੇਂ ਤੇ ਹਿੱਸਾ ਲੈਂਦੇ ਰਹਿੰਦੇ ਹਨ। ਸਕੂਲ ਦੇ ਸਾਰੇ ਕਲਾਸ ਰੂਮ ਲੈਬਸ ਵੀ ਸਮਾਰਟ ਕਲਾਸ ਰੂਮ ਹਨ। ਸਕੂਲ ਦੀ ਲਾਇਬ੍ਰੇਰੀ ਵਿੱਚ ਬੱਚਿਆਂ ਲਈ ਸਿਲੇਬਸ ਦੀਆਂ

ਕਿਤਾਬਾਂ ਤੋ ਇਲਾਵਾ ਮੁਕਾਬਲੇ ਦੀਆਂ ਪ੍ਰੀਖਿਆਵਾਂ ਨਾਲ ਸਬੰਧਿਤ ਮੈਗਜ਼ੀਨ ਤੇ ਕਿਤਾਬਾਂ ਵੀ ਉਪਲੱਬਧ ਹਨ। ਵਿਦਿਆਰਥੀਆਂ ਲਈ ਸਮੇਂ ਸਮੇਂ ਤੇ ਵਿੱਦਿਅਕ ਟੂਰ ਵੀ ਆਯੋਜਿਤ ਕੀਤੇ ਜਾਂਦੇ ਹਨ। ਸ. ਅਮਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਸਰਕਾਰੀ ਸਕੂਲਾਂ 'ਚ 10ਵੀਂ ਜਮਾਤ ਦੇ ਇਸ ਸਾਲ ਪੇਪਰ ਦੇ ਰਹੇ ਹਨ ਉਹ ਇਨ੍ਹਾਂ ਸਕੂਲਾਂ ਲਈ ਹੋ ਰਹੀ ਦਾਖਲਾ ਪ੍ਰੀਖਿਆ ਚ ਹਿੱਸਾ ਲੈ ਸਕਦੇ ਹਨ ਬਸਰਤੇ ਉਨ੍ਹਾਂ ਦੇ 10ਵੀਂ ਜਮਾਤ 'ਚੋਂ ਨੰਬਰ ਜਰਨਲ ਕੈਟਗਰੀ 70 ਫੀਸਦੀ ਹੋਣ ਅਤੇ ਐੱਸ.ਸੀ./ਬੀ.ਸੀ. 65 ਫੀਸਦੀ ਹੋਣ। ਉਨ੍ਹਾਂ ਕਿਹਾ ਕਿ ਮੈਰੀਟੋਰੀਅਸ ਸਕੂਲ ਵਿੱਚ ਦਾਖਲੇ ਲਈ ਟੈਸਟ ਲਿਆ ਜਾਵੇਗਾ ਜੋ ਦਸਵੀਂ ਜਮਾਤ ਦੇ ਸਿਲੇਬਸ ਵਿਚੋਂ ਹੋਵੇਗਾ। ਉਨ੍ਹਾਂ ਕਿਹਾ ਕਿ ਦਾਖਲੇ ਦੀ ਵਧੇਰੇ ਜਾਣਕਾਰੀ ਲਈ ਮੈਰੀਟੋਰੀਅਸ ਸਕੂਲ ਗੁਰਦਾਸਪੁਰ ਦੇ ਪ੍ਰਿੰਸੀਪਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਮੀਂਹ ਨਾਲ ਪ੍ਰਭਾਵਿਤ ਫਸਲ ਦਾ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ: ਕਾਮਰੇਡ ਗੰਡੀਵਿੰਡ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਪੱਟੀ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਜਮਹੂਰੀ ਕਿਸਾਨ ਸਭਾ ਤਹਿਸੀਲ ਪੱਟੀ ਦੇ ਮੀਤ ਪ੍ਰਧਾਨ ਕਾਮਰੇਡ ਬਾਜ ਸਿੰਘ ਗੰਡੀਵਿੰਡ ਨੇ ਕਿਹਾ ਕਿ ਹੁਣ ਜੋ ਇਹ ਬੇਮੌਸਮੀ ਬਾਰਸ਼ ਅਤੇ ਗੜੇਮਾਰੀ ਹੋਈ ਹੈ ਇਸ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ। ਕਿਸਾਨਾਂ ਦੀ ਪੱਕੀ ਕਣਕ ਤੇ ਸਰੋਂ ਖਰਾਬ ਹੋਣ ਕਾਰਨ ਉਹ ਕਰਜ ਹੇਠ ਆ ਜਾਵੇਗਾ।

ਇਸ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਖਰਾਬ ਹੋਈ ਫਸਲ ਦੀ ਛੇਤੀ ਤੋਂ ਛੇਤੀ ਗਿਰਦਾਵਰੀ ਕਰਾ ਕੇ ਕਿਸਾਨਾਂ ਦੀ ਆਰਥਿਕ ਮਦਦ ਕੀਤੀ ਜਾਵੇ।

ਆਨਲਾਈਨ ਠੱਗੀ ਮਾਰਨ 'ਤੇ ਦੋ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਧਾਰੀਵਾਲ ਵਾਸੀ ਇਕ ਵਿਅਕਤੀ ਨਾਲ ਆਨਲਾਈਨ ਠੱਗੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਪੀੜਤ ਬਾਲ ਕ੍ਰਿਸ਼ਨ ਜਸਲ ਪੁੱਤਰ ਟੇਕ ਚੰਦ ਵਾਸੀ ਧਾਰੀਵਾਲ ਨੇ ਦੱਸਿਆ ਕਿ ਮਿਤੀ 21-6-22 ਨੂੰ ਉਸ ਨੂੰ ਵਿਦੇਸ਼ ਤੋਂ ਫ਼ੋਨ ਆਇਆ ਕਿ ਉਕਤ ਵਿਅਕਤੀ ਉਸ ਦਾ ਦੋਸਤ ਬੋਲ ਰਿਹਾ ਹੈ ਜਿਸ ਦੀਆਂ ਗੱਲਾਂ ਵਿਚ ਆ ਕੇ ਪੀੜਤ ਨੇ ਉਸ ਦੇ ਖ਼ਾਤੇ ਵਿਚ ਆਨਲਾਈਨ 2 ਲੱਖ ਰੁਪਏ ਟਰਾਂਸਫਰ ਕਰ ਦਿੱਤੇ। ਜਿਸ ਤੋਂ ਬਾਅਦ ਵਿਚ ਪਤਾ ਚੱਲਿਆ ਕਿ ਉਸ ਨਾਲ ਠੱਗੀ ਹੋਈ ਹੈ।

ਪੀੜਤ ਦੀ ਸ਼ਿਕਾਇਤ 'ਤੇ ਉਪ ਪੁਲਸ ਕਪਤਾਨ ਦਿਹਾਤੀ ਗੁਰਦਾਸਪੁਰ ਵਲੋਂ ਜਾਂਚ ਪੜਤਾਲ ਕਰਨ 'ਤੇ ਦੋਸ਼ੀਆਂ ਕਰਨ ਕੁਮਾਰ ਪੁੱਤਰ ਅਮਿਤ ਕੁਮਾਰ ਵਾਸੀ ਦਿਲੀ ਅਤੇ ਰਾਹੁਲ ਯਾਦਵ ਪੁੱਤਰ ਗੋਪੀ ਯਾਦਵ ਵਾਸੀ ਭੋਪਾਲ ਖਿਲਾਫ਼ ਥਾਣਾ ਧਾਰੀਵਾਲ ਵਿਖੇ 23-3-2023 ਨੂੰ ਧਾਰਾ 420, 120 ਬੀ ਅਧੀਨ ਮਾਮਲਾ ਦਰਜ ਕੀਤਾ ਗਿਆ। ਫਿਲਹਾਲ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਿਜਦਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਸ਼ਹੀਦ ਭਗਤ ਸਿੰਘ, ਸ਼ਿਵਰਾਮ ਹਰੀ, ਰਾਜਗੁਰੂ ਅਤੇ ਸੁਖਦੇਵ ਥਾਪਰ ਦੀ ਬੇਮਿਸਾਲ ਸ਼ਹਾਦਤ ਨੂੰ ਸਿਜਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ ਮਿਤੀ 23 ਮਾਰਚ ਨੂੰ ਦਾਣਾ ਮੰਡੀ ਭਿੱਖੀਵਿੰਡ ਵਿਖੇ ਸ਼ਹੀਦੀ ਦਿਵਸ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ ਅਤੇ ਕੇਵਲ ਸਿੰਘ ਕੰਬੋਕੇ ਨੇ ਕੀਤੀ। ਇਸ ਮੌਕੇ ਬੋਲਦਿਆਂ ਪਾਰਟੀ ਦੇ ਸੂਬਾ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਸਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਸਮਾਜ 'ਚ ਬਰਾਬਰੀ ਲਿਆਉਣ, ਲੁੱਟ-ਘਸੁੱਟ ਰੋਕਣ ਲਈ, ਹਰੇਕ ਵਿਅਕਤੀ ਲਈ ਬੁਨਿਆਦੀ ਸਹੂਲਤਾਂ ਲਾਗੂ ਕਰਵਾਉਣ, ਲੋਕਾਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਆਦਿ ਸੁਪਨਿਆਂ ਖਾਤਰ ਫਾਂਸੀ ਦੇ ਫੰਦੇ ਨੂੰ ਚੁੰਮ ਕੇ ਸਹਾਦਤਾਂ ਦਾ ਜਾਮ ਪੀਤਾ ਸੀ, ਪਰ ਸਰਕਾਰਾਂ ਸਾਡੇ ਸੂਰਮਿਆਂ ਦੀ ਸ਼ਹਾਦਤਾਂ ਦਾ ਸਹਾਰਾ ਲੈ ਕੇ ਸੱਤਾ 'ਤੇ ਕਾਬਜ਼ ਹੋਣ ਮਗਰੋਂ ਲੋਕਾਂ ਦਾ ਸ਼ੋਸ਼ਣ ਕਰ ਰਹੀਆਂ ਹਨ।

ਉਪਰੋਕਤ ਆਗੂਆਂ ਨੇ ਕਿਹਾ ਸਾਨੂੰ ਸਭ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਮੌਕੇ ਜਾਮਾਰਾਏ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇਸ਼ ਅੰਦਰ ਫਿਰਕੂਵਾਦ ਪੈਦਾ ਕਰਨ ਲਈ ਦਿਨ-ਰਾਤ ਕੋਸ਼ੀਆਂ ਚਾਲਾਂ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ ਦੇ ਮੁੱਖ ਮੁੱਦਿਆਂ ਜਿਵੇਂ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਅਨਪੜ੍ਹਤਾ ਵੱਲ ਧਿਆਨ ਦੇਣ ਦੀ ਬਜਾਏ ਘੱਟਗਿਣਤੀਆਂ ਨੂੰ ਕੁਚਲਣ ਲਈ ਦਿਨ-ਰਾਤ ਯੋਜਨਾਵਾਂ ਬਣਾ ਰਹੀ ਹੈ। ਇਸ ਮੌਕੇ ਆਰਐੱਮਪੀਆਈ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਜੇਲ੍ਹਾਂ ਅੰਦਰ ਭੇਜ ਕੇ ਲੋਕਾਂ 'ਚ ਡਰ ਦਾ ਮਾਹੌਲ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਇਹ ਡਰਾਮਾ ਤੁਰੰਤ ਬੰਦ ਕਰਨਾ ਚਾਹੀਦਾ ਹੈ ਤਾਂ ਜੋ ਸੂਬੇ ਵਿਚ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਸਕੱਤਰੇਤ ਦੇ ਮੈਂਬਰ ਬਲਦੇਵ ਸਿੰਘ ਪੰਡੋਰੀ, ਦਿਹਾਤੀ ਮਜਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਭੈਲ, ਜਰਨੈਲ ਸਿੰਘ ਦਿਆਲਪੁਰਾ, ਬਿੱਕਰ ਸਿੰਘ ਭਗਵਾਨਪੁਰਾ, ਹਰਦੇਵ ਸਿੰਘ ਮੂਸੇ, ਸਵਿੰਦਰ ਸਿੰਘ ਚੱਕ, ਚੰਦ ਟੂਤ , ਗੁਰਲਾਲ ਅਲਗੋਂ, ਜਸਵੰਤ ਸਿੰਘ, ਬਿੱਟੂ ਨਾਰਲਾ ਆਦਿ ਆਗੂ ਹਾਜ਼ਰ ਸਨ।

ਪੁਲ ਤਿੱਬੜੀ ਵਿਖੇ ਸੈਰ ਸਪਾਟਾ ਕੰਪਲੈਕਸ ਬਣਾਉਣ ਦੀ ਮੰਗ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੀ ਅਪਰ ਬਾਰੀ ਦੁਆਬ 'ਤੇ ਕਸੂਰ ਬਰਾਂਚ ਦੀ ਨਹਿਰ ਪੁਲ ਤਿੱਬੜੀ ਦੇ ਵਿਚਕਾਰ ਮਾਧੋਪੁਰ ਦੀ ਤਰਜ਼ 'ਤੇ ਸੈਰ ਸਪਾਟਾ ਕੰਪਲੈਕਸ ਬਣਾਉਣ ਦੀ ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਹੈ। ਸੀਨੀਅਰ ਆਗੂ ਸਾਬਕਾ ਸਰਪੰਚ ਕਿਰਪਾਲ ਸਿੰਘ ਗੁੰਝੀਆਂ, ਬਾਬਾ ਰਣਜੀਤ ਸਿੰਘ ਅਤੇ ਡਾਕਟਰ ਫਤਿਹ ਸਿੰਘ ਨੇ ਦੱਸਿਆ ਕਿ ਇਨ੍ਹਾਂ ਨਹਿਰਾਂ ਤੋਂ ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਵਿਸਾਖੀ ਦਾ ਮੇਲਾ ਬੜੀ ਧੂਮ-ਧਾਮ ਨਾਲ ਲੱਗਦਾ ਸੀ ਅਤੇ ਕਈ ਤਰ੍ਹਾਂ ਦੀਆਂ ਦੁਕਾਨਾਂ, ਬੱਚਿਆਂ ਦੇ ਅਨੰਦ ਮਾਨਣ ਲਈ ਪੰਘੂੜੇ ਆਦਿ ਲਗਾਏ ਜਾਂਦੇ ਸੀ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਦੇ ਲੋਕ ਅਤੇ ਗੁਰਦਾਸਪੁਰ ਵਾਸੀ ਇਸ ਮੇਲੇ ਅਨੰਦ ਮਾਣਦੇ ਸਨ। ਸੰਨ 2004 ਵਿਚ ਇਨ੍ਹਾਂ ਨਹਿਰਾਂ ਦੇ ਪੁਲ ਬੈਠ ਗਏ ਸਨ ਤੇ ਪਾਰਕ ਦੋ ਹਿੱਸਿਆਂ ਵਿਚ ਵੰਡੀ ਗਈ ਸੀ ਤੇ ਹੌਲੀ-ਹੌਲੀ ਪੁਲ ਤਿੱਬੜੀ ਦਾ ਵਿਰਾਸਤੀ ਵਿਸਾਖੀ ਮੇਲਾ ਲੱਗਣਾ ਲੱਗਭਗ ਖਤਮ ਹੋ ਗਿਆ ਹੈ ਅਤੇ ਹੁਣ ਸਿਰਫ਼ ਨਾ ਮਾਤਰ ਹੀ ਰਹਿ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲ ਤਿਬੜੀ ਨਹਿਰ 'ਤੇ ਹਰ ਸਮੇਂ ਰਾਹਗੀਰ ਰੁਕਦੇ ਹਨ ਤੇ ਗਰਮੀਆਂ 'ਚ ਨਹਿਰਾਂ ਦੇ ਠੰਢੇ ਪਾਣੀ ਦਾ ਆਨੰਦ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਮਰਹੂਮ ਕੇਂਦਰੀ ਮੰਤਰੀ ਸੁਖਬੰਸ ਕੌਰ ਭਿੰਡਰ ਨੇ ਪੁਲ ਤਿੱਬੜੀ ਵਿਖੇ ਸੈਰ ਸਪਾਟਾ ਕੋਰਲ ਬਣਾਉਣ ਦੀ ਤਜਵੀਜ ਕੇਂਦਰ ਸਰਕਾਰ ਅੱਗੇ ਰੱਖੀ ਗਈ ਸੀ ਪਰ ਉਸ ਦੀ ਮੌਤ ਤੋਂ ਬਾਅਦ ਕਿਸੇ ਸਰਕਾਰ ਨੇ ਕੋਈ ਉਪਰਾਲਾ ਨਹੀਂ ਕੀਤਾ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਦੇ ਸ

25- March- PAGE 12.qxd 3/24/2023 10:00 PM Page 1

ਪੰਜਾਬ 'ਚ ਦਹਿਸ਼ਤੀ ਮਾਹੌਲ ਬਣਾਉਣ ਦੀ ਖੇਤ ਮਜ਼ਦੂਰ ਯੂਨੀਅਨ ਵੱਲੋਂ ਨਿੰਦਾ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ) ਪੰਜਾਬ ਖੇਤ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਜਾਰੀ ਕੀਤੇ ਬਿਆਨ ਰਾਹੀਂ ਪੰਜਾਬ 'ਚੋਂ ਕੇਂਦਰੀ ਸੁਰੱਖਿਆ ਬਲ ਫੌਰੀ ਵਾਪਸ ਬੁਲਾਉਣ, ਐਨ.ਆਈ.ਏ. ਨੂੰ ਸੂਬੇ ਚੋਂ ਬਾਹਰ ਕੱਢਣ, ਐਨ ਐਸ ਏ ਨੂੰ ਰੱਦ ਕਰਨ ਤੇ ਪੰਜਾਬ ਅੰਦਰ ਬਣਾਏ ਦਹਿਸਤੀ ਮਾਹੌਲ ਨੂੰ ਖਤਮ ਕਰਨ ਦੀ ਮੰਗ ਕੀਤੀ ਹੈ। ਉਹਨਾਂ ਆਖਿਆ ਕਿ ਅੰਮ੍ਰਿਤਪਾਲ ਸਿੰਘ ਤੇ ਉਸਦੇ ਹਮਾਇਤੀਆਂ ਖਿਲਾਫ ਬੇਹੱਦ ਵੱਡੀ ਕਾਰਵਾਈ ਨੂੰ ਗਿਣ ਮਿਥ ਕੇ ਅੰਨ੍ਹੇ ਰਾਸ਼ਟਰਵਾਦ ਨੂੰ ਉਭਾਰਨ ਦਾ ਹੱਥਾ ਬਣਾਇਆ ਗਿਆ ਅਤੇ ਦਹਿਸਤੀ ਤੇ ਸਨਸਨੀਖੇਜ ਮਾਹੌਲ ਬਣਾਕੇ ਇਉਂ ਪੇਸ਼ ਕੀਤਾ ਜਾ ਰਿਹਾ ਜਿਵੇਂ ਪੰਜਾਬ ਵੱਡੀ ਗੜਬੜੀ ਵਾਲਾ ਖੇਤਰ ਹੋਵੇ ਜਿਸ ਉੱਪਰ ਕੇਂਦਰੀ ਸੁਰੱਖਿਆ ਬਲਾਂ ਤੇ ਕੇਂਦਰੀ ਏਜੰਸੀਆਂ ਬਿਨਾਂ ਕਾਬੂ ਨਹੀਂ ਸੀ ਪਾਇਆ ਜਾ ਸਕਦਾ। ਉਹਨਾਂ ਆਖਿਆ ਕਿ ਅੰਨ੍ਹੇ ਰਾਸ਼ਟਰਵਾਦ ਨੂੰ ਉਭਾਰ ਕੇ ਸੱਤਾ ਹਥਿਆਉਣ ਦੀ ਚੈਂਪੀਅਨ ਬੀਜੇਪੀ ਅਤੇ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨਾਲ ਮਿਲਕੇ ਆਪ ਸਰਕਾਰ ਵੱਲੋਂ ਕੀਤੀ ਇਹ ਸਮੁੱਚੀ ਕਾਰਵਾਈ ਆਪ ਸਰਕਾਰ ਵੱਲੋਂ ਮੁਲਕ ਪੱਧਰ 'ਤੇ ਆਪਣੇ ਆਪ ਨੂੰ ਵੱਡੇ ਰਾਸ਼ਟਰਵਾਦੀਆਂ ਵਜੋਂ ਉਭਾਰਕੇ 2024 ਦੀਆਂ ਚੋਣਾਂ 'ਚ ਲਾਹਾ ਲੈਣ ਦੀ ਸਿਆਸੀ ਕੋਸ਼ਿਸ਼ ਹੈ ਜਿਸਦੀ ਪੰਜਾਬ ਦੇ ਲੋਕਾਂ ਨੂੰ ਭਾਰੀ ਕੀਮਤ ਤਾਰਨੀ ਪੈਣੀ ਹੈ। ਉਹਨਾਂ ਆਖਿਆ ਕਿ ਮੁੱਠੀ ਭਰ ਫਿਰਕੂ ਅਨਸਰਾਂ ਦੀਆਂ ਫਿਰਕੂ ਲਾਮਬੰਦੀ ਵਾਲੀਆਂ ਕਾਰਵਾਈਆਂ ਨੂੰ ਆਪ ਸਰਕਾਰ ਵੱਲੋਂ ਵੇਲੇ ਸਿਰ ਰੋਕਣ ਦੀ ਥਾਂ ਪਹਿਲਾਂ ਜਾਣਬੁੱਝ ਕੇ ਅਣਗੌਲੇ ਕੀਤਾ ਗਿਆ ਅਤੇ ਹੁਣ ਵਿਉਂਤਬੱਧ ਢੰਗ ਨਾਲ ਪੰਜਾਬ ਅੰਦਰ ਫਿਰਕੂ ਮਾਹੌਲ ਸਿਰਜਣ ਵਾਲਿਆਂ ਅਤੇ ਉਹਨਾਂ ਦੇ ਭੁਚਲਾਵੇ 'ਚ ਆ ਕੇ ਉਹਨਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਚ ਕੋਈ ਵਖਰੇਵਾਂ ਕਰੇ ਬਗੈਰ ਹੀ ਉਹਨਾਂ ਉੱਤੇ ਐਨ ਐਸ ਏ ਵਰਗਾ ਜਾਬਰ ਤੇ ਬਦਨਾਮ ਕਾਨੂੰਨ ਮੜ੍ਹਕੇ ਹਾਲਾਤ ਨੂੰ ਦਹਿਸ਼ਤ ਭਰਪੂਰ ਬਣਾਇਆ ਜਾ ਰਿਹਾ ਹੈ ਜਦੋਂ ਕਿ ਅੰਮ੍ਰਿਤਪਾਲ ਸਿੰਘ ਸਮੇਤ ਮੁੱਠੀ ਭਰ ਫਿਰਕਾਪ੍ਰਸਤ ਅਨਸਰਾਂ ਖਿਲਾਫ ਵੀ ਸਾਧਾਰਨ ਕਾਨੂੰਨਾਂ ਤਹਿਤ ਅਤੇ ਸਾਧਾਰਨ ਕਾਰਵਾਈ ਨਾਲ ਨਜਿੱਠਿਆ ਜਾ ਸਕਦਾ ਸੀ। ਉਹਨਾਂ ਆਖਿਆ ਕਿ ਪੰਜਾਬ ਅੰਦਰ ਸੋਚ ਸਮਝਕੇ ਅਜਿਹਾ ਮਾਹੌਲ ਸਿਰਜਣ ਦੀਆਂ ਵਿਉਂਤਾਂ ਗਰੀਬੀ, ਬੇਰੁਜਗਾਰੀ, ਕਰਜੇ, ਖੁਦਕੁਸ਼ੀਆਂ, ਜਮੀਨੀ ਤੋਟ, ਨਸ਼ਿਆਂ ਦੀ ਦਲਦਲ ਅਤੇ ਪਾਣੀ ਤੇ ਵਾਤਾਵਰਨ ਦੇ ਪ੍ਰਦੂਸ਼ਣ ਵਰਗੇ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀਆਂ ਨਾਪਾਕ ਚਾਲਾਂ ਦਾ ਸਿੱਟਾ ਹੈ। ਉਹਨਾਂ ਖੇਤ ਮਜਦੂਰਾਂ ਤੇ ਸਮੂਹ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਮੌਜੂਦਾ ਦਹਿਸ਼ਤ ਪਸਾਰੇ ਦੇ ਕਦਮਾਂ ਖਿਲਾਫ ਆਵਾਜ ਉਠਾਉਂਦੇ ਹੋਏ ਹਰ ਤਰ੍ਹਾਂ ਦੀਆਂ ਫਿਰਕਾਪ੍ਰਸਤ ਤਾਕਤਾਂ ਦਾ ਪਾਜ ਉਘਾੜਨ ਤੇ ਉਹਨਾਂ ਖਿਲਾਫ ਡਟਦੇ ਹੋਏ ਭਾਈਚਾਰਕ ਸਾਂਝ ਮਜਬੂਤ ਕਰਦੇ ਹੋਏ ਹੱਕੀ ਸੰਘਰਸ਼ਾਂ ਨੂੰ ਤੇਜ ਕਰਨ ਦੇ ਰਾਹ ਪੈਣ।

ਕਬੱਡੀ ਖਿਡਾਰੀ ਸੰਦੀਪ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਤੇ ਗਵਾਹਾਂ ਨੂੰ ਸੁਰੱਖਿਆ ਦੇਣ ਦੀ ਮੰਗ

ਜਲੰਧਰ (ਸੁਰਿੰਦਰ ਕੁਮਾਰ) ਪਿੰਡ ਮੱਲੀਆਂ ਵਿਖੇ ਕਬੱਡੀ ਮੇਲੇ ਦੌਰਾਨ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਸੰਦੀਪ ਸਿੰਘ ਉਰਫ ਨੰਗਲ ਅੰਬੀਆਂ ਦੀ ਕੁਝ ਵਿਅਕਤੀਆਂ ਵੱਲੋਂ ਸਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਕਤਲ ਕੇਸ ਵਿੱਚ ਜਿਨ੍ਹਾਂ ਵਿਅਕਤੀਆਂ ਨੂੰ ਮੁਲਜਮ ਬਣਾਇਆ ਗਿਆ ਹੈ, ਉਨ੍ਹਾਂ ਨੂੰ ਪੁਲਸ ਵੱਲੋਂ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ, ਜਿਸ 'ਤੇ ਸੰਦੀਪ ਦੀ ਵਿਧਵਾ ਰੁਪਿੰਦਰ ਕੌਰ ਸੰਧੂ ਨੇ ਪੁਲਸ ਦੀ ਕਾਰਵਾਈ 'ਤੇ ਸਵਾਲ ਉਠਾਏ ਹਨ। ਯੂਕੇ ਤੋਂ ਇਨਸਾਫ ਦੀ ਗੁਹਾਰ ਲਾਉਣ ਆਈ ਰੁਪਿੰਦਰ ਕੌਰ ਨੇ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਕਤਲ ਦੇ ਸਾਜ਼ਿਸ਼ਕਾਰ ਸਰੇਆਮ ਘੁੰਮ ਰਹੇ ਹਨ ਪਰ ਪੁਲਸ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਉਸ ਨੇ ਕਿਹਾ ਕਿ ਉਹ ਪੰਜਾਬ ਦੇ ਪੁਲਸ ਮੁਖੀ ਨੂੰ ਕਈ ਪੱਤਰ ਲਿਖ ਕੇ ਇਨਸਾਫ ਦੀ ਮੰਗ ਕਰ ਚੁੱਕੀ ਹੈ, ਇੱਥੋਂ ਤੱਕ ਕਿ ਮੁਲਜਮਾਂ ਦਾ ਪਤਾ ਵੀ ਦੱਸ ਚੁੱਕੀ ਹੈ ਪਰ ਹਾਲੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ। ਰੁਪਿੰਦਰ ਕੌਰ ਨੇ ਸੰਦੀਪ ਦੇ ਕਤਲ ਦੇ ਗਵਾਹਾਂ ਦੀ ਜਾਨ ਨੂੰ ਵੀ ਖਤਰਾ ਜਾਹਰ ਕੀਤਾ ਹੈ ਅਤੇ ਉਨ੍ਹਾਂ ਸਾਰੇ ਗਵਾਹਾਂ ਨੂੰ ਸੁਰੱਖਿਆ ਦੇਣ ਦੀ ਮੰਗ ਕੀਤੀ ਹੈ, ਜਿਨ੍ਹਾਂ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ।

ਤਿੰਨ ਦਿਨਾ ਵੁਸ਼ੂ ਫੈਡਰੇਸ਼ਨ ਕੱਪ ਚੈਂਪੀਅਨਸ਼ਿਪ ਸਮਾਪਤ

ਰਾਜਸਥਾਨ ਦੀ ਟੀਮ ਬਣੀ ਓਵਰਆਲ ਚੈਂਪੀਅਨ

ਜਲੰਧਰ (ਸ਼ੈਲੀ)- ਤਿੰਨ ਰੋਜਾ 6ਵੀਂ ਵੁਸ਼ੂ ਫੈਡਰੇਸ਼ਨ ਕੱਪ ਚੈਂਪੀਅਨਸ਼ਿਪ 2022-23 ਮੇਜਬਾਨ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐੱਲ. ਪੀ. ਯੂ.) ਵਿਖੇ ਸਮਾਪਤ ਹੋ ਗਈ, ਜਿੱਥੇ ਰਾਜਸਥਾਨ ਦੀ ਟੀਮ ਨੂੰ 68 ਸਕੋਰਾਂ ਨਾਲ 'ਓਵਰਆਲ ਚੈਂਪੀਅਨ' ਐਲਾਨਿਆ ਗਿਆ। ਹਰਿਆਣਾ 51 ਅਤੇ ਉੱਤਰ ਪ੍ਰਦੇਸ਼ 50 ਸਕੋਰਾਂ ਨਾਲ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ। 'ਸਾਂਡਾ' ਤੇ 'ਤਾਓਲੂ' ਖੇਡਾਂ ਲਈ ਵੱਖਰੇ ਤੌਰ 'ਤੇ ਪਹਿਲੇ ਅਤੇ ਦੂਜੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ ਟਰਾਫੀਆਂ ਵੀ ਸੌਂਪੀਆਂ ਗਈਆਂ। ਭਾਰਤ ਦੇ 28 ਰਾਜਾਂ ਦੇ ਲਗਭਗ 450 ਖਿਡਾਰੀਆਂ ਨੇ ਇਸ ਈਵੈਂਟ ਵਿੱਚ ਭਾਗ ਲਿਆ ਸੀ, ਜਿਨ੍ਹਾਂ ਸਾਰਿਆਂ ਵਾਸਤੇ ਨਿਰਣਾ ਦੇਸ ਦੇ ਪ੍ਰਸਿੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵੁਸ਼ੂ ਅਧਿਕਾਰੀਆਂ ਦੁਆਰਾ ਕੀਤਾ ਗਿਆ ਸੀ। ਪੁਰਸਕਾਰ ਸਮਾਰੋਹ ਦੀ ਮੁੱਖ ਮਹਿਮਾਨ, ਐਲਪੀਯੂ ਦੀ ਪ੍ਰੋ ਚਾਂਸਲਰ ਸ੍ਰੀਮਤੀ ਰਸਮੀ ਮਿੱਤਲ ਨੇ ਜੇਤੂਆਂ ਨੂੰ ਟਰਾਫੀਆਂ ਅਤੇ ਮੈਡਲ ਦਿੱਤੇ। ਉਦਘਾਟਨ ਦੋ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਐਚ.ਐਸ.ਬਰਾਤ ਨੇ ਕੀਤਾ ਸੀ। ਵੁਸ਼ੂ ਐਸੋਸੀਏਸ਼ਨ ਆਫ ਪੰਜਾਬ ਦੇ ਪ੍ਰਧਾਨ ਅਤੇ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ (ਆਈ.ਪੀ.ਐਸ. ਅਫਸਰ); ਸੀਈਓ, ਵੁਸ਼ੂ ਐਸੋਸੀਏਸਨ ਆਫ ਇੰਡੀਆ, ਸੋਹੇਲ ਅਹਿਮਦ; ਐਲਪੀਯੂ ਵਿਖੇ ਸੀਨੀਅਰ ਡੀਨ ਵਿਦਿਆਰਥੀ ਭਲਾਈ ਵਿੰਗ, ਡਾ. ਸੋਰਭ ਲਖਨਪਾਲ; ਅਤੇ ਵੂ, ਐਸੋਸੀਏਸਨ ਪੰਜਾਬ ਦੇ ਜਨਰਲ ਸਕੱਤਰ ਪਰਵਿੰਦਰ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਅੰਤਮ ਦਿਨ, ਵੱਖ-ਵੱਖ ਭਾਰ ਵਰਗਾਂ ਵਿੱਚ ਜੇਤੂ ਪੁਰਸਾਂ ਅਤੇ ਔਰਤਾਂ ਨੂੰ ਕਈ ਵਿਅਕਤੀਗਤ ਸੋਨ, ਚਾਂਦੀ ਅਤੇ ਕਾਂਸੀ ਦੇ ਮੈਡਲ ਵੀ ਦਿੱਤੇ ਗਏ।

ਭਿਆਨਕ ਹਾਦਸੇ ਦੇ ਸ਼ਿਕਾਰ ਅਧਿਆਪਕਾਂ ਦੇ ਪਰਵਾਰਾਂ ਦੇ ਦੁੱਖ 'ਚ ਸ਼ਰੀਕ ਹਾਂ : ਨਵਪ੍ਰੀਤ ਬੱਲੀ

ਮਹਿਤਪੁਰ (ਰਾਜਾ) ਰੋਜਾਨਾ ਦੀ ਤਰ੍ਹਾਂ ਸਵੇਰ ਸਮੇਂ ਆਪਣੇ ਸਕੂਲ ਨੂੰ ਤਰਨ ਤਾਰਨ ਜ਼ਿਲ੍ਹੇ ਵਿੱਚ ਜਾ ਰਹੇ ਸਕੂਲ ਅਧਿਆਪਕਾਂ ਦੀ ਗੱਡੀ ਖਾਈ ਫੇਮੇ ਕੇ ਨੇੜੇ ਹਾਦਸਾਗ੍ਰਸਤ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਟਰੈਕਸ ਗੱਡੀ ਦੇ ਪਰਖੱਚੇ ਉੱਡ ਗਏ ਤੇ ਮੌਕੇ 'ਤੇ ਤਿੰਨ ਅਧਿਆਪਕਾਂ ਅਤੇ ਇੱਕ ਡਰਾਈਵਰ ਦੀ ਮੌਤ ਹੋ ਗਈ। 10 ਅਧਿਆਪਕ ਗੰਭੀਰ ਰੂਪ ਵਿੱਚ ਜਖਮੀ ਹੋਏ ਹਨ ਜਿੰਨ੍ਹਾਂ ਨੂੰ ਬਾਗੀ ਹਸਪਤਾਲ ਫਾਜ਼ਿਲਕਾ ਵਿੱਚ ਦਾਖਲ ਕਰਵਾਇਆ ਗਿਆ ਹੈ। ਗੌਰਮਿੰਟ ਟੀਚਰਜ ਯੂਨੀਅਨ ਪੰਜਾਬ (ਵਿਗਿਆਨਿਕ) ਦੇ ਸੂਬਾ ਪ੍ਰਧਾਨ ਨਵਪ੍ਰੀਤ ਬੱਲੀ, ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ, ਪ੍ਰੈੱਸ ਸਕੱਤਰ ਐਨ ਡੀ ਤਿਵਾੜੀ ਨੇ ਇਸ ਭਿਆਨਕ ਦੁਰਘਟਨਾ ਵਿੱਚ ਸਦਾ ਲਈ ਵਿੱਛੜ ਚੁੱਕੇ ਅਧਿਆਪਕ ਸਾਥੀਆਂ ਦੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵੱਲੋਂ ਜੋ ਅਧਿਆਪਕ ਮਾਰੂ ਸਿੱਖਿਆ ਪਾਲਿਸੀ 2018 ਬਣਾਈ ਗਈ ਸੀ ਉਸ ਪਾਲਿਸੀ ਦਾ ਨਤੀਜਾ ਹੈ ਕਿ ਆਪਣੇ ਘਰਾਂ ਤੋਂ 150-200 ਕਿਲੋਮੀਟਰ ਦੂਰ ਡਿਊਟੀ 'ਤੇ ਅਧਿਆਪਕ ਜਾ ਰਹੇ ਹਨ। ਜਿਸ ਕਾਰਨ ਪਿਛਲੇ ਸਮੇਂ ਵੀ ਭਿਆਨਕ ਸੜਕ ਦੁਰਘਟਨਾ ਦਾ ਸ਼ਿਕਾਰ ਅਧਿਆਪਕ ਹੋਏ ਸਨ ਤੇ ਹੁਣ ਵੀ ਹ�ो ਰਹੇ ਹਨ। ਅਧਿਆਪਕ ਜਥੇਬੰਦੀ ਇਸ ਸਿੱਖਿਆ ਪਾਲਿਸੀ ਨੂੰ ਬਦਲਣ ਲਈ ਬਹੁਤ ਵਾਰ ਸਿੱਖਿਆ ਮੰਤਰੀ ਨਾਲ ਮੀਟਿੰਗਾਂ ਕਰ ਚੁੱਕੇ ਹਨ ਪਰ ਹੁਣ ਤੱਕ ਇਸ ਸੰਬੰਧੀ ਸਰਕਾਰ ਵੱਲੋਂ ਕੁਝ ਵੀ ਨਹੀਂ ਕੀਤਾ ਗਿਆ। ਇਸ ਸਮੇਂ ਸੂਬਾ ਸੀਨੀਅਰ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਸ਼ਾਹ,ਸੋਮ ਸਿੰਘ,ਕੰਵਲਜੀਤ ਸੰਗੋਵਾਲ,ਜਤਿੰਦਰ ਸਿੰਘ ਸੋਨੀ,ਪਰਗਟ ਸਿੰਘ ਜੰਬਰ,ਜਗਦੀਪ ਸਿੰਘ ਜੌਹਲ,ਗੁਰਜੀਤ ਸਿੰਘ ਮੋਹਾਲੀ,ਸੁੱਚਾ ਸਿੰਘ ਚਾਹਲ,ਜਗਤਾਰ ਸਿੰਘ ਖਮਾਣੋਂ ,ਲਾਲ ਚੰਦ ਨਵਾਂਸ਼ਹਿਰ,ਰਘਬੀਰ ਸਿੰਘ ਬੱਲ,ਜੰਗ ਬਹਾਦਰ ਸਿੰਘ ਫਰੀਦਕੋਟ ਆਦਿ ਆਗੂ ਮੌਜੂਦ ਸਨ।

ਮਹਿਲਾ ਸ਼ਕਤੀ ਸੰਸਥਾ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

ਸਾਹਕੋਟ (ਗਿਆਨ ਸੈਦਪੁਰੀ) ਮਹਿਲਾ ਸ਼ਕਤੀ ਸੰਸਥਾ ਸ਼ਾਹਕੋਟ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਯਾਦ ਵਿੱਚ ਕਰਵਾਏ ਗਏ ਸਮਾਗਮ ਵਿੱਚ ਵੱਖ ਵੱਖ ਬੁਲਾਰਿਆਂ ਨੇ 23 ਮਾਰਚ ਦੇ ਸ਼ਹੀਦਾਂ ਨੂੰ ਇਨਕਲਾਬੀ ਸਰਧਾਂਜਲੀਆਂ ਭੇਂਟ ਕੀਤੀਆਂ। ਸੰਸਥਾ ਦੀ ਪ੍ਰਧਾਨ ਮੈਡਮ ਮਨਜੀਤ ਕੌਰ ਨੇ ਸ਼ਹੀਦਾਂ ਨੂੰ ਸਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦੇ ਉਪਰਾਲੇ ਹੀ ਸੱਚੀ ਸ਼ਰਧਾਂਜਲੀ ਹੋਵੇਗੀ। ਸੰਸਥਾ ਦੀ ਜਨਰਲ ਸਕੱਤਰ ਮੈਡਮ ਗੁਰਮੀਤ ਕੌਰ ਨੇ ਭਗਤ ਸਿੰਘ ਬਾਰੇ ਇੱਕ ਖੂਬਸੂਰਤ ਕਵਿਤਾ ਪੇਸ਼ ਕੀਤੀ। ਉਨ੍ਹਾਂ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦਾ ਵੇਰਵਾ ਦਿੰਦਿਆਂ ਹੋਰ ਵਿਉਂਤੇ ਗਏ ਕਾਰਜਾਂ ਦੀ ਵੀ ਜਾਣਕਾਰੀ ਦਿੱਤੀ। ਸਮਾਗਮ ਨੂੰ ਯੋਗ ਗੁਰੂ ਡਾ. ਜਗਦੀਸ਼ ਰਾਏ ਗੋਇਲ, ਰਤਨ ਸਿੰਘ ਰੱਖੜਾ, ਬਖਸ਼ੀਸ਼ ਸਿੰਘ ਮਠਾੜੂ, ਮਾਸਟਰ ਰਾਕੇਸ਼ ਖਹਿਰਾ, ਆਪ ਆਗੂ ਜਸਪਾਲ ਸਿੰਘ ਮਿਗਲਾਨੀ, ਰੂਪ ਲਾਲ ਸ਼ਰਮਾ, ਮਾਸਟਰ ਸੁਰਿੰਦਰ ਕੁਮਾਰ ਵਿੱਗ ਅਤੇ ਜਿੰਦਰ ਮਾਨ ਨੇ ਵੀ ਸ਼ਹੀਦਾਂ ਨੂੰ ਭਾਵਪੂਰਤ ਸ਼ਬਦਾਂ ਵਿੱਚ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਮਾਸਟਰ ਜਤਿੰਦਰ ਪਾਲ ਸਿੰਘ ਬੱਲਾ ਨੇ ਸਟੇਜ ਸੰਚਾਲਨ ਕਰਦਿਆਂ ਸਮੇਂ ਦੀਆਂ ਸਰਕਾਰਾਂ ਵੱਲੋਂ ਭਗਤ ਸਿੰਘ ਦੇ ਫਲਸਫੇ ਨੂੰ ਅਣਗੌਲਿਆਂ ਕਰਨ ਦੀ ਆਲੋਚਨਾ ਕੀਤੀ। ਉਨ੍ਹਾਂ ਨੇ ਇਨਕਲਾਬੀ ਕਵਿਤਾਵਾਂ ਨਾਲ ਭਗਤ ਸਿੰਘ ਦੇ ਦੱਸੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਜੋਗਾ ਸਿੰਘ ਨੇ ਮਾਂ ਨਾਂਅ ਦੀ ਸਕਿੱਟ ਪੇਸ਼ ਕਰਕੇ ਮਾਂ ਦੇ ਰਿਸ਼ਤੇ ਦੀ ਮਹਾਨਤਾ ਦੱਸੀ। ਸਮਾਗਮ ਵਿੱਚ ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਵਾਈਸ ਪ੍ਰਧਾਨ ਪਰਮਜੀਤ ਕੌਰ ਬਜਾਜ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਸਾਡੇ ਨਾਲ ਹਮੇਸ਼ਾ ਹੀ ਕਾਂਗਰਸ ਨੇ ਮਤਰੇਈ ਮਾਂ ਵਾਲਾ ਸਲੂਕ ਕੀਤਾ : ਸੁਰੇਸ਼ ਝਾਡੀਆਂ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)- ਬੀਤੇ ਦਿਨੀਂ ਮਾਣਯੋਗ ਅਦਾਲਤ ਵੱਲੋਂ ਰਾਹੁਲ ਗਾਂਧੀ ਨੂੰ ਸੁਣਾਈ ਸਜਾ ਤੋਂ ਬਾਅਦ ਕਾਂਗਰਸ ਪਾਰਟੀ ਵੱਲੋਂ ਸਮਾਜਿਕ ਸੋਸ਼ਲ ਮੀਡੀਆ ਉੱਤੇ ਓਬੀਸੀ ਸਮਾਜ ਦਾ ਦੁਬਾਰਾ ਮਾਖੌਲ ਬਣਾਇਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਓਬੀਸੀ, ਮੋਰਚਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸੁਰੇਸ਼ ਕੁਮਾਰ ਝਾਡੀਆਂ ਨੇ ਕੀਤਾ। ਉਨ੍ਹਾਂ ਕਿਹਾ ਰਾਹੁਲ ਗਾਂਧੀ ਦੀ ਹਉਮੈ ਬਹੁਤ ਵੱਡੀ ਹੈ ਅਤੇ ਸਮਝ ਬਹੁਤ ਛੋਟੀ ਹੈ। ਉਨ੍ਹਾਂ ਨੇ ਆਪਣੇ ਸਿਆਸੀ ਲਾਹੇ ਲਈ ਸਮੁੱਚੇ ਓਬੀਸੀ ਭਾਈਚਾਰੇ ਪ੍ਰਤੀ ਘਟੀਆ ਅਪਸ਼ਬਦ ਬੋਲ ਕੇ ਅਪਮਾਨ ਕੀਤਾ ਹੈ, ਸਮੁੱਚੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੱਡੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਾਂਗਰਸ ਨੇ ਸ਼ੁਰੂ ਤੋਂ ਹੀ ਓਬੀਸੀ ਭਾਈਚਾਰੇ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ, ਸਾਡੇ ਸਮਾਜ ਨੂੰ ਗਾਂਧੀ ਪਰਵਾਰ ਨੇ ਹਮੇਸ਼ਾ ਵੋਟਾਂ ਲਈ ਹੀ ਵਰਤਿਆ। ਬੀਤੇ ਦਿਨੀਂ ਮਾਣਯੋਗ ਅਦਾਲਤ ਵੱਲੋਂ ਰਾਹੁਲ ਗਾਂਧੀ ਨੂੰ ਦੋ ਸਾਲ ਦੀ ਸਜਾ ਸੁਣਾਈ ਗਈ ਹੈ ਪਰ ਕਾਂਗਰਸ ਪਾਰਟੀ ਦੇ ਹੰਕਾਰੀ ਲੋਕ ਓਬੀਸੀ ਸਮਾਜ ਦੀਆਂ ਭਾਵਨਾਵਾਂ ਨੂੰ ਭੜਕਾਉਣ ਲਈ ਲਗਾਤਾਰ ਕੰਮ ਕਰ ਰਹੇ ਹਨ। ਉਹਨਾਂ ਕਿਹਾ ਭਾਜਪਾ ਦਿਨ ਪਰ ਦਿਨ ਓਬੀਸੀ ਸਮਾਜ ਨੂੰ ਪਹਿਲੀ ਕਤਾਰ ਵੱਲ ਲੈ ਕੇ ਜਾ ਰਹੀ ਹੈ। ਭਾਰਤ ਦੀ ਕੈਬਨਿਟ ਵਿੱਚ 27 ਮੰਤਰੀ ਮੰਡਲ ਵਿੱਚ ਸ਼ਾਮਲ ਕਰਕੇ ਸਾਡੇ ਸਮਾਜ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਣ ਦਿੱਤਾ ਹੈ ਅਤੇ ਅਨੇਕਾ ਸਹੂਲਤਾਂ ਪ੍ਰਦਾਨ ਕੀਤੀਆਂ ਹਨ।

ਸ਼ਹੀਦੀ ਦਿਹਾੜੇ 'ਚੇ ਲਗਾਇਆ ਖੂਨਦਾਨ ਕੈਂਪ

ROTARY CLUB ROPAR CENTRAL
ROTARY CLUB ROPAR CENTRAL